TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਵੀਰਵਾਰ, 7 ਅਗਸਤ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 | ਸਾਲ : 16 ਅੰਕ: 346 | ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ

## ਲੈਂਡ ਪੂਲਿੰਗ ਨੀਤੀ ਦਾ ਹਾਈ ਕੋਰਟ ਨੇ ਲਿਆ ਸਖ਼ਤ ਨੋਟਿਸ, ਭਲਕੇ ਮੁੜ ਸੁਣਵਾਈ

### ਨੀਤੀ ਸਬੰਧੀ ਸਰਕਾਰ ਵੱਲੋਂ ਕੋਈ 'ਸੋਸ਼ਲ ਇੰਪੈਕਟ ਅਸੈਸਮੈਂਟ' ਨਾ ਕਰਵਾਏ ਜਾਣ ਦੀ ਗੱਲ ਨੂੰ ਬੈਂਚ ਨੇ ਕੀਤਾ ਨੋਟ

ਚੰਡੀਗੜ੍ਹ (ਲੋਕ ਬਾਣੀ)-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਖ਼ ?ਲਾਫ਼ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਸ ਨੀਤੀ ਵਿਚਲੀਆਂ ਕੁਤਾਹੀਆਂ ਦਾ ਸਖ਼ਤ ਨੋਟਿਸ ਲਿਆ ਹੈ। ਐਡਵੋਕੇਟ ਗੁਰਦੀਪ ਸਿੰਘ ਫਾਗਲਾ ਵੱਲੋਂ ਹਾਈ ਕੋਰਟ 'ਚ ਲੋਕ ਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ। ਹਾਈ ਕੋਰਟ ਨੇ ਅੱਜ ਪਟੀਸ਼ਨ 'ਤੇ ਮੁਢਲੀ ਸੁਣਵਾਈ ਮਗਰੋਂ ਮਾਮਲਾ ਭਲਕ ਤੱਕ ਟਾਲ ਦਿੱਤਾ ਹੈ। ਹੁਣ ਭਲਕੇ ਵੀਰਵਾਰ ਨੂੰ ਮੁੜ ਇਸ ਪਟੀਸ਼ਨ 'ਤੇ ਸੁਣਵਾਈ ਹੋਵੇਗੀ। ਗ਼ੌਰਤਲਬ ਹੈ ਕਿ ਸਮੁੱਚੇ ਪੰਜਾਬ ਦੀ ਨਜ਼ਰ ਇਸ ਪਟੀਸ਼ਨ 'ਤੇ ਲੱਗੀ ਹੋਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਪਟੀਸ਼ਨ 'ਚ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ 'ਭੌਂ ਪ੍ਰਾਪਤੀ ਐਕਟ 2013' ਦੀ ਉਲੰਘਣਾ ਕਿਹਾ ਗਿਆ ਹੈ। ਅੱਜ ਪੰਜਾਬ ਸਰਕਾਰ ਦੀ ਤਰਫ਼ੋਂ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਪੇਸ਼ ਹੋਏ। ਵੇਰਵਿਆਂ ਅਨੁਸਾਰ ਹਾਈ ਕੋਰਟ ਨੇ ਪਟੀਸ਼ਨ




'ਤੇ ਬਹਿਸ ਦੌਰਾਨ ਇਸ ਗੱਲ ਦਾ ਨੋਟਿਸ ਲਿਆ ਕਿ ਜ਼ਮੀਨ ਪ੍ਰਾਪਤੀ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੀ 'ਸੋਸ਼ਲ ਇੰਪੈਕਟ ਅਸੈਸਮੈਂਟ' (ਸਮਾਜਿਕ ਪ੍ਰਭਾਵ ਮੁਲੰਕਣ) ਨਹੀਂ ਕਰਾਈ ਗਈ। ਐਡਵੋਕੇਟ ਜਨਰਲ ਨੇ ਪੱਖ ਰੱਖਦਿਆਂ ਕਿਹਾ ਕਿ ਪੰਜਾਬ ਸਰਕਾਰ ਫ਼ ?ਲਹਾਲ ਜ਼ਮੀਨ ਨੂੰ ਇਕੱਠਾ ਕਰ ਰਹੀ ਹੈ। ਅਦਾਲਤ 'ਚ ਪਟੀਸ਼ਨਰ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਨਾਲ ਜੋ ਜ਼ਮੀਨ 'ਤੇ ਨਿਰਭਰ ਤਬਕੇ ਪ੍ਰਭਾਵਿਤ ਹੋਣੇ ਹਨ, ਉਸ ਦੇ ਮੱਦੇਨਜ਼ਰ ਕੋਈ ਸਰਵੇ ਨਹੀਂ ਕੀਤਾ ਗਿਆ ਅਤੇ ਇਸ ਨੀਤੀ ਨਾਲ ਪੈਣ ਵਾਲੇ ਸਮਾਜਿਕ ਪ੍ਰਭਾਵਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਭਲਕੇ ਇਸ ਮਾਮਲੇ 'ਤੇ ਮੁੜ ਸੁਣਵਾਈ ਹੋਵੇਗੀ।

## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਆਧਾਰ ਕਾਰਡਾਂ ਤੋਂ ਪੰਜਾਬੀ ਭਾਸ਼ਾ ਹਟਾਉਣ ਦੀ ਸਖ਼ਤ ਨਿਖੇਧੀ

ਚੰਡੀਗੜ੍ਹ (ਲੋਕ ਬਾਣੀ)-ਕੇਂਦਰੀ ਪੰਜਾਬੀ ਲੇਖਕ ਸਭਾ ਨੇ ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ ਇੰਡੀਆ ( UIDAI) ਵੱਲੋਂ ਆਧਾਰ ਕਾਰਡਾਂ ਤੋਂ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਹਟਾਉਣ ਦੇ ਫ਼ੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਸਭਾ ਇਹ ਸਮਝਦੀ ਹੈ ਕਿ ਇਹ ਕਦਮ ਪੰਜਾਬੀ ਭਾਸ਼ਾ ਅਤੇ ਪੰਜਾਬ ਦੀ ਸੱਭਿਆਚਾਰਕ ਪਛਾਣ 'ਤੇ ਸਿੱਧਾ ਹਮਲਾ ਹੈ।ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਨੇ ਇੱਥੋਂ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੀ ਮਾਂ-ਬੋਲੀ ਨੂੰ ਉਸ ਦੇ ਆਪਣੇ ਘਰ ਵਿੱਚ ਹੀ ਬੇਗਾਨਾ ਕਰਨ ਦੀ ਇਹ ਸਾਜ਼ਿਸ਼ ਨਿੰਦਣਯੋਗ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਆਧਾਰ ਕਾਰਡਾਂ 'ਤੇ ਪੰਜਾਬੀ ਭਾਸ਼ਾ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਸੀ। ਇਸ ਵਿੱਚ ਵਸਨੀਕ ਦਾ ਨਾਂ, ਮਾਤਾ-ਪਿਤਾ/ਪਤੀ ਦਾ ਨਾਂ, ਜਨਮ ਮਿਤੀ, ਲਿੰਗ, ਪਤਾ ਅਤੇ ਸਲੋਗਨ 'ਮੇਰਾ ਆਧਾਰ, ਮੇਰੀ ਪਹਿਚਾਣ' ਪੰਜਾਬੀ ਵਿੱਚ ਉੱਕਰਿਆ ਹੁੰਦਾ ਸੀ। ਇਸ ਨਾਲ ਘੱਟ ਪੜ੍ਹੇ-ਲਿਖੇ ਵਿਅਕਤੀ ਵੀ ਆਪਣੀ ਪਛਾਣ ਨੂੰ ਆਸਾਨੀ ਨਾਲ ਸਮਝ ਸਕਦੇ ਸਨ। ਪਰ ਹੁਣ ਨਵੇਂ ਅਤੇ ਸੋਧੇ ਜਾ ਰਹੇ ਆਧਾਰ ਕਾਰਡਾਂ 'ਤੇ ਸਿਰਫ਼ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਦੀ ਵਰਤੋਂ ਕੀਤੀ ਜਾ ਰਹੀ ਹੈ।


## ਪੰਜਾਬ 'ਚ ਅਗਲੇ ਹਫਤੇ ਲਗਾਤਾਰ ਤਿੰਨ ਛੁੱਟੀਆਂ

ਚੰਡੀਗੜ੍ਹ (ਲੋਕ ਬਾਣੀ)- ਸਰਕਾਰ ਵੱਲੋਂ ਅਗਲੇ ਸ਼ੁੱਕਰਵਾਰ ਤੇ ਸ਼ਨੀਵਾਰ ਸਬੰਧੀ ਨੋਟੀਫ਼ ?ਕੇਸ਼ਨ ਵੀ ਜਾਰੀ ਕੀਤਾ ਜਾ ਚੁੱਕਿਆ ਹੈ। ਇਨ੍ਹਾਂ ਦੋਵਾਂ ਦਿਨਾਂ ਦੌਰਾਨ ਸੂਬੇ ਦੇ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਨਾਲ-ਨਾਲ ਸਰਕਾਰੀ ਦਫ਼ਤਰਾਂ ਵਿਚ ਵੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਦਰਅਸਲ, 15 ਅਗਸਤ ਯਾਨੀ ਸ਼ੁੱਕਰਵਾਰ ਨੂੰ ਦੇਸ਼ ਦਾ ਆਜ਼ਾਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਤੋਂ ਅਗਲੇ ਦਿਨ ਯਾਨੀ 16 ਅਗਸਤ (ਸ਼ਨੀਵਾਰ) ਨੂੰ ਜਨਮ ਅਸ਼ਟਮੀ ਦਾ ਤਿਉਹਾਰ ਹੈ, ਜਿਸ ਕਾਰਨ ਪੰਜਾਬ ਸਰਕਾਰ ਨੇ ਇਨ੍ਹਾਂ ਦੋਵੇਂ ਦਿਨਾਂ ਦੌਰਾਨ ਸੂਬੇ ਵਿਚ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਹੋਇਆ ਹੈ। ਉਸ ਤੋਂ ਅਗਲੇ ਦਿਨ 17 ਅਗਸਤ ਨੂੰ ਐਤਵਾਰ ਹੈ। ਇਸ ਦਿਨ ਵੀ ਸੂਬੇ ਦੇ ਸਾਰੇ ਸਕੂਲ-ਕਾਲਜ ਤੇ ਸਰਕਾਰੀ ਦਫ਼ਤਰ ਬੰਦ ਰਹਿਣ ਵਾਲੇ ਹਨ।

## ਹਿਮਾਚਲ: ਕਿੰਨੌਰ ਕੈਲਾਸ਼ ਯਾਤਰਾ ਮੁਅੱਤਲ, 413 ਫਸੇ ਸ਼ਰਧਾਲੂਆਂ ਨੂੰ ਬਚਾਇਆ ਗਿਆ; 617 ਸੜਕਾਂ ਬੰਦ

### ਸੂਬੇ ਵਿਚ ਦੂਰ-ਦੂਰ ਤੱਕ ਜ਼ੋਰਦਾਰ ਬਾਰਸ਼ਾਂ ਕਾਰਨ ਭਾਰੀ ਨੁਕਸਾਨ

ਸ਼ਿਮਲਾ (ਲੋਕ ਬਾਣੀ)-ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ ਯਾਤਰਾ ਦੇ ਰਸਤੇ ਨੂੰ ਨੁਕਸਾਨ ਪਹੁੰਚਣ ਤੋਂ ਬਾਅਦ ਕਿੰਨੌਰ ਕੈਲਾਸ਼ ਯਾਤਰਾ ਮੁਅੱਤਲ ਕਰ ਦਿੱਤੀ ਗਈ ਹੈ ਅਤੇ 413 ਫਸੇ ਸ਼ਰਧਾਲੂਆਂ ਨੂੰ ਬਚਾਇਆ ਗਿਆ ਹੈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਦੱਸਿਆ ਕਿ ਨਦੀਆਂ/ਦਰਿਆਵਾਂ ਵਿੱਚ ਪਾਣੀ ਦਾ ਵਹਾਅ ਵਧਣ ਕਾਰਨ ਟਾਂਗਲਿੱਪੀ ਅਤੇ ਕਾਂਗਰੰਗ ਵਿਖੇ ਦੋ ਅਸਥਾਈ ਪੁਲ ਵਹਿ ਜਾਣ ਤੋਂ ਬਾਅਦ ਸ਼ਰਧਾਲੂ ਫਸ ਗਏ ਸਨ।




ਇੰਡੋ-ਤਿੱਬਤੀਅਨ ਬਾਰਡਰ ਪੁਲੀਸ (ITBP) ਨੇ X 'ਤੇ ਬਚਾਅ ਕਾਰਜਾਂ ਦੀਆਂ ਵੀਡੀਓਜ਼ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿੱਚ ਸ਼ਰਧਾਲੂਆਂ ਨੂੰ ਨਦੀਆਂ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜ਼ਿਪਲਾਈਨ ਕਰਦੇ ਦਿਖਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਿੰਨੌਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਟਰੈਕਿੰਗ ਰੂਟ 'ਤੇ ਫਸੇ ਸ਼ਰਧਾਲੂਆਂ ਬਾਰੇ ਇੱਕ ਜਾਣਕਾਰੀ ਮਿਲੀ, ਜਿਸ ਉਪਰੰਤ ITBP ਅਤੇ ਕੌਮੀ ਐੱਨਡੀਆਰਐੱਫ ਨੇ ਬਚਾਅ ਕਾਰਜ ਸ਼ੁਰੂ ਕੀਤੇ। ਕਿੰਨੌਰ ਜ਼ਿਲ੍ਹਾ ਪ੍ਰਸ਼ਾਸਨ ਨੇ ਮੀਂਹ ਕਾਰਨ ਯਾਤਰਾ ਦੇ ਰਸਤੇ ਵਿੱਚ ਭਾਰੀ ਨੁਕਸਾਨ ਹੋਣ ਤੋਂ ਬਾਅਦ ਕਿੰਨੌਰ ਕੈਲਾਸ਼ ਯਾਤਰਾ ਨੂੰ ਮੁਅੱਤਲ ਕਰ ਦਿੱਤਾ। ਅਧਿਕਾਰੀਆਂ ਅਨੁਸਾਰ ਜ਼ਿਆਦਾਤਰ ਟਰੈਕਿੰਗ ਰਸਤੇ ਜਾਂ ਤਾਂ ਖਤਰਨਾਕ ਤੌਰ 'ਤੇ ਤਿਲਕਣ ਵਾਲੇ ਹੋ ਗਏ ਹਨ ਜਾਂ ਜ਼ਮੀਨ ਖਿਸਕਣ ਨਾਲ ਪ੍ਰਭਾਵਿਤ ਹੋਏ ਹਨ।

## ਰੂਸ ਤੋਂ ਯੂਰੇਨੀਅਮ, ਖਾਦ ਤੇ ਰਸਾਇਣ ਦਰਾਮਦ ਕੀਤੇ ਜਾਣ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ : ਟਰੰਪ

### ਭਾਰਤ ਨੇ ਅਮਰੀਕਾ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਲਾਇਆ ਸੀ ਦੋਸ਼

ਨਿਊਯਾਰਕ (ਲੋਕ ਬਾਣੀ)-ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਰੂਸ ਤੋਂ ਯੂਰੇਨੀਅਮ, ਖਾਦ ਤੇ ਰਸਾਇਣਾਂ ਦੀ ਦਰਾਮਦ ਕੀਤੇ ਜਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਟਰੰਪ ਨੇ ਮੰਗਲਵਾਰ ਨੂੰ ਇਨ੍ਹਾਂ ਵਸਤਾਂ ਦੀ ਅਮਰੀਕੀ ਦਰਾਮਦ ਬਾਰੇ ਭਾਰਤ ਦੇ ਬਿਆਨ 'ਤੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਇਹ ਟਿੱਪਣੀ ਕੀਤੀ। ਅਮਰੀਕੀ ਸਦਰ ਨੇ ਕਿਹਾ, "ਮੈਨੂੰ ਇਸ ਬਾਰੇ ਕੁਝ ਨਹੀਂ ਪਤਾ। ਮੈਨੂੰ ਜਾਂਚ ਕਰਨੀ ਪਵੇਗੀ, ਪਰ ਅਸੀਂ ਇਸ ਬਾਰੇ ਤੁਹਾਡੇ ਨਾਲ ਗੱਲ ਕਰਾਂਗੇ।" ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਰੂਸੀ ਊਰਜਾ(ਤੇਲ) ਖਰੀਦਣ ਵਾਲੇ ਦੇਸ਼ਾਂ 'ਤੇ ਲਗਾਏ ਜਾਣ ਵਾਲੇ ਟੈਰਿਫਾਂ ਬਾਰੇ ਫੈਸਲਾ ਲੈਣਗੇ। ਟਰੰਪ ਨੇ ਲੰਘੇ ਦਿਨ ਭਾਰਤ ਉੱਤੇ ਰੂਸ ਤੋਂ ਸਸਤੇ ਭਾਅ ਤੇਲ ਖਰੀਦ ਕੇ ਇਸ ਨੂੰ ਅੱਗੇ ਮੋਟੇ ਮੁਨਾਫ਼ੇ ਲਈ ਵੇਚਣ ਦਾ ਦੋਸ਼ ਲਾਉਂਦਿਆਂ



ਧਮਕੀ ਦਿੱਤੀ ਸੀ ਕਿ ਉਹ ਭਾਰਤ 'ਤੇ ਲਗਾਏ ਜਾਣ ਵਾਲੇ ਟੈਰਿਫ਼ ਵਿਚ 'ਜ਼ਿਕਰਯੋਗ' ਵਾਧਾ ਕਰਨਗੇ। ਉਧਰ ਭਾਰਤ ਨੇ ਰੂਸੀ ਕੱਚੇ ਤੇਲ ਦੀ ਖਰੀਦ ਲਈ ਨਵੀਂ ਦਿੱਲੀ ਨੂੰ 'ਨਾਜਾਇਜ਼ ਅਤੇ ਗੈਰ-ਵਾਜਬ' ਨਿਸ਼ਾਨਾ ਬਣਾਉਣ ਲਈ ਅਮਰੀਕਾ ਅਤੇ ਯੂਰਪੀਅਨ ਯੂਨੀਅਨ 'ਤੇ ਤਿੱਖਾ ਜਵਾਬੀ ਹਮਲਾ ਕੀਤਾ। ਭਾਰਤ ਨੇ ਇਸ ਮੁੱਦੇ ਉੱਤੇ ਉਸ ਨੂੰ ਨਿਸ਼ਾਨਾ ਬਣਾਉਣ ਵਿੱਚ ਦੋਹਰੇ ਮਾਪਦੰਡਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ ਕਿ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੋਵੇਂ ਰੂਸ ਨਾਲ ਆਪਣੇ ਵਪਾਰਕ ਸਬੰਧ ਜਾਰੀ ਰੱਖ ਰਹੇ ਹਨ। ਭਾਰਤ ਨੇ ਇਕ ਬਿਆਨ ਵਿਚ ਕਿਹਾ ਸੀ, "ਸਾਡੇ ਮਾਮਲੇ ਦੇ ਉਲਟ, ਅਜਿਹਾ ਵਪਾਰ ਇੱਕ ਕੌਮੀ ਮਜਬੂਰੀ ਵੀ ਨਹੀਂ ਹੈ।"

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111




# ਲੋਕ ਬਾਣੀ

## ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


ਲੋਕ ਬਾਣੀ

## ਰਾਤ ਦੇ ਹਨੇਰੇ ਵਿੱਚ

ਰਾਤ ਦੇ ਹਨੇਰੇ ਵਿੱਚ,
ਕਮੀਂ ਆ ਗਈ ਮੇਰੇ ਜੇਰੇ ਵਿੱਚ,

ਕੋਈ ਰੋਕ ਨਾਂ ਲਏ ਰਾਹ ਮੇਰਾ,
ਘਬਰਾਹਟ ਹੋਈ ਦਿਲ ਮੇਰੇ ਵਿੱਚ,

ਮੈਂ ਕੁੜੀ ਹੋਣ ਕਰਕੇ ਡਰ ਗਈ ਸੀ,
ਕਿਤੇ ਆ ਨਾਂ ਜਾਵਾਂ ਮਜ਼ਬੂਤ ਬਾਹਾਂ ਦੇ ਘੇਰੇ ਵਿੱਚ,


ਚੁਸਤ, ਚਲਾਕ ਬਣ ਕੇ ਮੈਂ ਤੁਰਦੀ ਜਾ ਰਹੀ ਸੀ,,
ਵੇਖਦੀ ਇੱਧਰ- ਉੱਧਰ, ਚਾਰ ਚੁਫੇਰੇ ਵਿੱਚ,


ਜੇਕਰ ਮੇਰੀ ਇੱਜ਼ਤ ਨੂੰ ਦਾਗ਼ ਲੱਗ ਜਾਂਦਾ,
ਤਾਂ ਮੈਂ ਨਹਾ ਕੇ ਆਉਂਦੀ ਧਾਰਮਿਕ ਸਥਾਨ ਕਿਹੜੇ ਵਿੱਚ,

ਉਂਜ ਤਾਂ ਮੈਨੂੰ ਪਹਿਲਾਂ ਹੀ ਪਤਾ ਲੱਗ ਜਾਣਾ ਸੀ,
ਜੇ ਕੋਈ ਵਾਰ- ਵਾਰ ਵੇਖਦਾ ਮੇਰੇ ਚਿਹਰੇ ਵਿੱਚ,

ਉਸ ਸਮੇਂ ਸੁਖ ਦਾ ਸਾਹ ਆਇਆ,
ਜਦੋਂ ਰੱਖਿਆ ਮੈਂ ਪੈਰ ਆਪਣੇ ਘਰ, ਵਿਹੜੇ ਵਿੱਚ,

'ਦਿਲਸ਼ਾਨ' ਉਹ ਇਨਸਾਨ ਚੰਗਾ ਨਹੀਂ,
ਇਨਸਾਨੀਅਤ ਤੇ ਜ਼ਮੀਰ ਜਿਉਂਦਾ ਨਹੀਂ ਜਿਹੜੇ ਵਿੱਚ।





ਦਿਲਸ਼ਾਨ, ਮੋਬਾਈਲ- 9914304172

# 'ਦਮਦਮੀ ਟਕਸਾਲ' : ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਵੱਲੋਂ ਵਰੋਸਾਈ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ

### 7 ਅਗਸਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਦਮਦਮੀ ਟਕਸਾਲ ਦੇ 319 ਵਾਂ ਸਥਾਪਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੇਖ

ਖ਼ਾਲਸੇ ਦੀ ਸਿਰਜਣਾ ਭਾਰਤ ਦੇ ਮੱਧਕਾਲੀਨ ਇਤਿਹਾਸ ਦੀ ਇਕ ਅਜਿਹੀ ਅਦੁੱਤੀ ਘਟਨਾ ਹੈ, ਜਿਸ ਨੇ ਵਿਲੱਖਣ ਜੀਵਨ ਜੁਗਤ ਅਤੇ ਮਾਨਵ ਹਿਤਕਾਰੀ ਸਮਾਜ ਉਸਾਰੀ ਨੂੰ ਰੂਪਮਾਨ ਕੀਤਾ।

ਲੋਕ ਬਾਣੀ

ਮੁਗ਼ਲ ਹਕੂਮਤ ਦੇ ਜ਼ੁਲਮਾਂ ਤੋਂ ਹਿੰਦ ਨੂੰ ਨਿਜਾਤ ਦਿਵਾਉਣ ਲਈ ਜਦੋਂ 1699 ਦੀ ਵਿਸਾਖੀ 'ਤੇ ਅੰਮ੍ਰਿਤ ਸੰਚਾਰ ਰਾਹੀਂ ਖ਼ਾਲਸੇ ਦੀ ਸਿਰਜਣਾ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਿਰਪਾਨ ਸੂਤਦਿਆਂ ਸਿੱਖਾਂ ਨੂੰ ਸੀਸ ਅਰਪਣ ਕਰਨ ਲਈ ਅੱਗੇ ਆਉਣ ਲਈ ਲਲਕਾਰਿਆ ਤਾਂ ਸੀਸ ਭੇਂਟ ਕਰਨ ਲਈ ਤਤਪਰ ਇਕ ਇਕ ਕਰਕੇ ਗੁਰੂ ਸਾਹਿਬ ਦੇ ਸਨਮੁੱਖ ਆਉਣ ਵਾਲੇ ਪੰਜ ਪਿਆਰੇ ਭਾਰਤ ਦੇ ਕੋਨੇ ਕੋਨੇ ਤੋਂ ਅਤੇ ਭਿੰਨ ਭਿੰਨ ਜਾਤ- ਬਰਾਦਰੀਆਂ ਨਾਲ ਸੰਬੰਧਿਤ ਸਨ। ਇਹੀ ਖ਼ਾਲਸੇ ਦੀ ਖ਼ੂਬਸੂਰਤੀ ਸੀ, ਹੈ ਅਤੇ ਰਹੇਗੀ।

ਦਸ ਗੁਰੂ ਸਾਹਿਬਾਨ ਵੱਲੋਂ ਵਰੋਸਾਈ ਖ਼ਾਲਸੇ ਨੇ ਮਜ਼ਲੂਮ ਤੇ ਗ਼ਰੀਬ ਦੀ ਰੱਖਿਆ ਅਤੇ ਅਨਿਆਂਈਂ ਵਿਰੁੱਧ ਡਟ ਕੇ ਪਹਿਰਾ ਦੇਣ ਦੀ ਪਰੰਪਰਾ ਉੱਪਰ ਹਮੇਸ਼ਾਂ ਪਹਿਰਾ ਦਿੱਤਾ। ਅਠਾਰ੍ਹਵੀਂ ਸਦੀ 'ਚ ਅਫ਼ਗਾਨਿਸਤਾਨ ਦੇ ਧਾੜਵੀ ਅਹਿਮਦ ਸ਼ਾਹ ਅਬਦਾਲੀ ਦੀ ਸ਼ਕਤੀਸ਼ਾਲੀ ਫ਼ੌਜ ਨਾਲ ਖ਼ਾਲਸੇ ਨੇ ਜ਼ਬਰਦਸਤ ਟੱਕਰ ਲਈ, ਉਸ ਤੋਂ ਭਾਰਤ ਦਾ ਲੁੱਟਿਆ ਮਾਲ ਅਸਬਾਬ ਹੀ ਵਾਪਸ ਨਹੀਂ ਖੋਹ ਲਿਆ ਜਾਂਦਾ ਰਿਹਾ ਸਗੋਂ ਭਾਰਤ ਦੀਆਂ ਧੀਆਂ ਨੂੰ ਵੀ ਉਨ੍ਹਾਂ ਤੋਂ ਛਡਵਾ ਕੇ ਘਰ ਘਰ ਭੇਜਣਾ ਕੀਤਾ। ਮੁਗ਼ਲਾਂ ਅਤੇ ਅਫਗਾਨੀਆਂ ਖ਼ ?ਲਾਫ਼ ਲੜੀਆਂ ਗਈਆਂ ਉਨ੍ਹਾਂ ਜੰਗਾਂ 'ਚ ਦਮਦਮੀ ਟਕਸਾਲ ਦੀ ਅਹਿਮ ਭੂਮਿਕਾ ਰਹੀ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਵੱਲੋਂ ਵਰੋਸਾਈ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ 'ਦਮਦਮੀ ਟਕਸਾਲ' ਦੀ ਧਾਰਮਿਕ ਅਤੇ ਰਾਜਸੀ ਖੇਤਰ ਵਿੱਚ ਆਪਣੀ ਇੱਕ ਅਹਿਮ ਅਤੇ ਵਿਲੱਖਣ ਪਛਾਣ ਹੈ ਅਤੇ ਅੱਜ ਵੀ ਸਿੱਖ ਮਾਨਸਿਕਤਾ ਨਾਲ ਅਟੁੱਟ ਤੇ ਅਕੱਟ ਰਿਸ਼ਤੇ ਨਾਲ ਬੱਝੀ ਹੋਈ ਹੈ। ਦਮਦਮੀ ਟਕਸਾਲ ਦੀ ਸਥਾਪਨਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ 7 ਅਗਸਤ 1706 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੀਤੀ ਗਈ ਅਤੇ ਪਹਿਲੇ ਮੁਖੀ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਥਾਪਿਆ ਗਿਆ। 1704 ਈ. ਵਿਚ ਮੁਕਤਸਰ ਦੀ ਜੰਗ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ । ਜਿੱਥੇ ਦਸਮੇਸ਼ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੰਘਾਂ ਨਾਲ ਗੁਰਬਾਣੀ ਦੇ ਅਰਥ ਪੜ੍ਹਾਉਣ ਦੇ ਕੀਤੇ ਵਾਅਦੇ ਨੂੰ ਪੂਰਿਆਂ ਕਰਨਾ ਸੀ। ਜਦੋਂ ਦਸਵੇਂ ਪਾਤਸ਼ਾਹ ਸ੍ਰੀ ਅਨੰਦਪੁਰ ਸਾਹਿਬ ਨਿਵਾਸ ਕਰਦੇ ਸਨ, ਉਸ ਵਕਤ ਇਕ ਦਿਨ ਇਕ ਪ੍ਰੇਮੀ ਸਿੰਘ ਪੰਜ ਗ੍ਰੰਥੀ ਦਾ ਨਿੱਤਨੇਮ ਬੜੀ ਸ਼ਰਧਾ ਨਾਲ ਜ਼ੁਬਾਨੀ ਕਰ ਰਿਹਾ ਸੀ। ਜੋ ਗੁਰੂ ਸਾਹਿਬ ਨੂੰ ਸੁਣਾਈ ਦੇ ਰਿਹਾ ਸੀ। 'ਦੱਖਣੀ ਓਅੰਕਾਰ' ਦੀ ਬਾਣੀ ਪੜ੍ਹਦਿਆਂ ਜਦੋਂ ਪੰਗਤੀ 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ।। ਨੂੰ ਸਿੰਘ ਨੇ "ਕੈ" ਦੀ ਥਾਂ "ਕੇ" ਪੜ੍ਹ ਗਿਆ। ਗੁਰੂ ਸਾਹਿਬ ਨੇ ਇਹ ਸੁਣ ਕੇ ਦੋ ਵਾਰੀ ਸਿੰਘ ਨੂੰ ਗੁਰਬਾਣੀ ਦਾ ਸ਼ੁੱਧ ਪਾਠ ਕਰਨ ਲਈ ਕਿਹਾ। ਸਿੰਘ ਬਾਣੀ ਪੜ੍ਹਨ ਵਿਚ ਮਗਨ ਸੀ, ਅਵਾਜ਼ ਨਾ ਸੁਣੀ, ਸੋਧ ਨਾ ਕੀਤੀ ਅਤੇ ਅੱਗੇ ਪੜ੍ਹੀ ਗਿਆ। ਤਾਂ ਹਜ਼ੂਰ ਨੇ ਇਕ ਸਿੰਘ ਭੇਜ ਕੇ ਤਾੜਨਾ ਕਰਵਾਈ ਤੇ ਚਾਟਾਂ ਮਰਵਾਈਆਂ। ਉਸੇ ਦਿਨ ਹੀ ਸਿੰਘ ਦੀਵਾਨ 'ਚ ਆ ਕੇ ਬੇਨਤੀ ਕੀਤੀ ਕਿ ਕਿ ਸਤਿਗੁਰੂ ਜੀ ਜੇਕਰ ਗੁਰਬਾਣੀ ਪੜ੍ਹਦਿਆਂ ਤਮਾਚੇ ਵੀ ਵੱਜਦੇ ਹਨ ਤਾਂ ਸਾਡੀ ਕਲਿਆਣ ਕਿਵੇਂ ਹੋਵੇਗੀ? ਇਹ ਸੁਣ ਸਤਿਗੁਰੂ ਜੀ ਨੇ ਕਿਹਾ, "ਸਿੰਘਾ, ਗੁਰਬਾਣੀ ਸਾਡੇ ਅੰਗ ਹਨ। ਤੂੰ ਗੁਰਬਾਣੀ ਗ਼ਲਤ ਪੜ੍ਹਦਾ ਸੀ, ਸਾਨੂੰ ਜੋ ਖੇਦ ਗੁਰਬਾਣੀ ਗ਼ਲਤ ਪੜ੍ਹਨ ਤੋਂ ਹੋਇਆ ਹੈ, ਤੈਨੂੰ ਚਪੇੜਾਂ ਨਾਲ ਨਹੀਂ ਹੋਇਆ।" ਇਹ ਸੁਣ ਸਿੰਘ ਦੀ ਨਰਾਜ਼ਗੀ ਘਟੀ ਅਤੇ ਨਿਮਰਤਾ ਨਾਲ ਪੁੱਛਿਆ, ਸਤਿਗੁਰੂ ਜੀ ਕ੍ਰਿਪਾ ਕਰਕੇ ਦੱਸੋ ਕਿਥੋਂ ਗ਼ਲਤ ਪੜ੍ਹਦਾ ਸੀ, ਸੋ ਸੋਧ ਲਵਾਂ। ਮਹਾਰਾਜ ਨੇ ਕਿਹਾ ਦੱਖਣੀ ਓਅੰਕਾਰ ਦੀ 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ।। ਨੂੰ "ਕੈ" ਦੀ ਥਾਂ "ਕੇ" ਪੜਿਆ। ਜਿਸ ਕਰਕੇ ਅਰਥ ਦਾ ਉਲਟਾ ਅਨਰਥ ਹੋ ਗਿਆ। ਕਿਉਂਕਿ 'ਕਰਤੇ' ਵਾਹਿਗੁਰੂ ਦੀ ਮਰਿਆਦਾ ਨੂੰ ਕਰਤਾ ਆਪ, ਜਾਣਦਾ ਹੈ (ਕੈ) ਅਥਵਾ ਗੁਰੂ ਸੂਰਮੇ ਜਾਣਦੇ ਹਨ। ਪਰ (ਕੇ) ਦਾ ਅਰਥ ਹੈ 'ਕੀ' ਸਤਿਗੁਰੂ ਸੂਰਮੇ (ਕੇ) ਕੀ ਜਾਣਦੇ ਹਨ ? ਭਾਵ ਨਹੀਂ ਜਾਣਦੇ। ਜੇ ਸਤਿਗੁਰੂ ਸੂਰਮੇ ਹੀ ਮਰਿਆਦਾ ਨੂੰ ਨਹੀਂ ਜਾਣਦੇ ਤਾਂ ਹੋਰ ਕੌਣ ਜਾਣਨਗੇ ? ਸੋ ਹੇ ਖ਼ਾਲਸਾ ਜੀ ! ਸਭ ਸਿੰਘ ਗੁਰਬਾਣੀ ਨੂੰ ਸੋਧ ਕੇ, ਵਿਚਾਰ ਕੇ ਤੇ ਚਿੱਤ ਟਿਕਾ ਕੇ ਪੜਿਆ ਕਰੇ। ਇਹ ਸੁਣ ਕੇ ਭਾਈ ਦਇਆ ਸਿੰਘ ਜੀ ਆਦਿ, ਮੁਖੀ ਸਿੰਘਾਂ ਨੇ ਬੇਨਤੀ ਕੀਤੀ, 'ਹੇ ਗ਼ਰੀਬ ਨਿਵਾਜ ਜੀ', ਆਪ ਕ੍ਰਿਪਾ ਕਰਕੇ ਗੁਰਬਾਣੀ ਦੇ ਅਰਥ ਪੜ੍ਹਾਓ ਜੀ। ਅਰਥਾਂ ਬਿਨਾਂ ਗੁਰਬਾਣੀ ਦੀ ਸ਼ੁੱਧੀ ਅਸ਼ੁੱਧੀ ਦਾ ਪਤਾ ਨਹੀਂ ਲੱਗਦਾ। ਤਾਂ ਹਜ਼ੂਰ ਨੇ ਫ਼ਰਮਾਇਆ ਸਿੰਘੋ ! ਸਾਡਾ ਇਕਰਾਰ ਰਿਹਾ, ਹੁਣ ਤਾਂ ਧਰਮ ਯੁੱਧ ਦਾ ਸਮਾਂ ਹੈ, ਜੰਗ ਤੋਂ ਵਿਹਲੇ ਹੋ ਕੇ ਅਰਥ ਪੜ੍ਹਾਵਾਂਗੇ।

ਜਦੋਂ ਕਲਗ਼ੀਧਰ ਪਿਤਾ ਜੀ, ਸਰਬੰਸ ਵਾਰ ਕੇ ਮੁਕਤਸਰ ਸਾਹਿਬ ਟੁੱਟੀ ਗੰਢ ਕੇ, ਸਾਬੋ ਕੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ, ਹਜ਼ੂਰ ਜੋ ਆਪ ਜੀ ਨੇ ਗੁਰਬਾਣੀ ਦੇ ਅਰਥ ਪੜ੍ਹਾਉਣ ਦਾ ਇਕਰਾਰ ਕੀਤਾ ਸੀ, ਸੋ ਕ੍ਰਿਪਾ ਕਰਕੇ ਪੂਰਾ ਕਰੋ ਜੀ। ਤਾਂ ਮਹਾਰਾਜ ਜੀ ਨੇ ਕਿਹਾ, "ਤੁਸੀਂ ਧੀਰ ਮੱਲ ਦੇ ਪਾਸ ਕਰਤਾਰਪੁਰ ਸਾਹਿਬ ਜਾਓ, ਪੰਜਵੇਂ ਪਾਤਿਸ਼ਾਹ ਜੀ ਨੇ ਜੋ ਗੁਰਬਾਣੀ ਦੀ ਬੀੜ ਰਚੀ ਹੈ, ਉਹ ਸਰੂਪ ਲੈ ਆਵੋ, ਨਾਲੇ ਉਸ ਵਿਚ ਨੌਵੇਂ ਪਾਤਸ਼ਾਹ ਜੀ ਦੀ ਗੁਰਬਾਣੀ ਚੜ੍ਹਾ ਦੇਈਏ।"ਸਤਿਗੁਰਾਂ ਦਾ ਹੁਕਮ ਮੰਨ ਕੇ ਮੁਖੀ ਸਿੰਘ ਧੀਰ ਮੱਲ ਕੋਲ ਗਏ ਤਾਂ ਧੀਰ ਮੱਲ ਨੇ ਉਤਰ ਦਿੱਤਾ, "ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤੀ ਹੈ, ਆਪ ਵੀ ਸਤਿਗੁਰੂ ਜੀ ਉਨ੍ਹਾਂ ਦੇ ਸਰੂਪ ਹੀ ਹਨ, ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ।"ਇਹ ਸੁਣ ਕੇ ਸਿੰਘਾਂ ਨੇ ਵਾਪਸ ਆ ਕੇ ਹਜ਼ੂਰ ਦੇ ਸਨਮੁੱਖ ਬੇਨਤੀ ਕੀਤੀ, ਮਹਾਰਾਜ ਜੀ ਧੀਰ ਮੱਲ ਤਾਂ ਇਸ ਪ੍ਰਕਾਰ ਕਹਿੰਦਾ ਹੈ। ਧੀਰ ਮੱਲ ਦਾ ਜਵਾਬ ਸੁਣ ਕੇ ਹਜ਼ੂਰ ਆਪ, ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਕਲਮਾਂ, ਸਿਆਹੀ ਤੇ ਕਾਗ਼ਜ਼ ਦਾ ਪ੍ਰਬੰਧ ਕਰਨ ਦੀ ਸੇਵਾ ਲਾਈ ਅਤੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਆਪਣੀ ਪਵਿੱਤਰ ਰਸਣਾ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੰਠੋਂ ਉਚਾਰਨ ਲੱਗੇ। ਐਸੀ ਅਗੰਮੀ ਕਲਮ ਚਲੀ, ਕਿ 'ਜਪੁਜੀ ਸਾਹਿਬ, ਰਹਿਰਾਸ ਸਾਹਿਬ, ਤੇ ਕੀਰਤਨ ਸੋਹਿਲਾ' ਤਕ ਗੁਰਬਾਣੀ ਪਹਿਲੇ ਦਿਨ ਹੀ ਲਿਖੀ ਗਈ ਅਤੇ ਸ਼ਾਮ ਨੂੰ ਸਾਰੀ ਬਾਣੀ ਦੇ ਅਰਥ ਸੰਗਤਾਂ ਨੂੰ ਸੁਣਾਏ। ਇਸ ਤਰ੍ਹਾਂ ਗੁਰਬਾਣੀ ਦੀ ਲਿਖਾਈ, ਪੜ੍ਹਾਈ ਅਤੇ ਅਰਥ ਸ਼ੁਰੂ ਹੋਏ। ਹਜ਼ੂਰ ਅੰਮ੍ਰਿਤ ਵੇਲੇ ਜਿੰਨੀ ਗੁਰਬਾਣੀ ਲਿਖਵਾਇਆ ਕਰਦੇ, ਪਿਛਲੇ ਪਹਿਰ ਉਤਨੀ ਦੇ ਹੀ 48 ਸਿੰਘਾਂ ਅਤੇ ਬੇਅੰਤ ਸੰਗਤਾਂ ਨੂੰ ਅਰਥ ਪੜ੍ਹਾਇਆ ਕਰਦੇ। ਇਸ ਪ੍ਰਕਾਰ ਸੰਮਤ 1762 ਕੱਤਕ ਸੁਦੀ ਪੂਰਨਮਾਸ਼ੀ ਤੋਂ ਅਰੰਭ ਕਰ ਕੇ 9 ਮਹੀਨੇ 9 ਦਿਨ 9 ਘੜੀਆਂ 9 ਪਲਾਂ ਵਿਚ 1763 ਬਿਕਰਮੀ 23 ਸਾਵਣ ( ਸੰਨ 1706ਈ ) 'ਚ 'ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸਮੇਤ, "੧ਓ ਤੋਂ ਲੈ ਕੇ ਅਠਾਰਹ ਦਸ ਬੀਸ' ਤੱਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੰਪੂਰਨ ਹੋਇਆ।

ਇਸੇ ਵਕਤ ਹੀ ਅਰਥਾਂ ਦੀ ਟਕਸਾਲ ਆਰੰਭ ਹੋਈ। ਇੱਥੇ ਹੀ ਸਤਿਗੁਰਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਥਾਪਦਿਆਂ ਸੰਗਤ ਨੂੰ ਗੁਰਬਾਣੀ ਦਾ ਸ਼ੁੱਧ ਉਚਾਰਨ ਸਰਵਣ ਕਰਾਉਣ ਅਤੇ ਅਰਥ ਪੜ੍ਹਾਉਣ ਦੀ ਸੇਵਾ ਸੌਂਪੀ । ਅਫਗਾਨੀ ਅਹਿਮਦ ਸ਼ਾਹ ਦੁਰਾਨੀ (ਅਬਦਾਲੀ) ਦੇ ਹਮਲਿਆਂ ਦੌਰਾਨ ਸਿੱਖਾਂ ਦੇ ਜ਼ਬਰਦਸਤ ਟੱਕਰ ਕਾਰਨ ਅਬਦਾਲੀ ਸਿੱਖਾਂ ਦਾ ਸਖ਼ਤ ਵਿਰੋਧੀ ਬਣ ਗਿਆ ਅਤੇ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁੱਲ ਗਿਆ। ਅਬਦਾਲੀ ਨੇ 1757 ਈ: ਦੇ ਵਿਚ ਦਿੱਲੀ ਜਾਂਦਾ ਹੋਇਆ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨਿਵਾਸ ਕਰ ਰਹੇ ਬਾਬਾ ਦੀਪ ਸਿੰਘ ਜੀ ਨੂੰ ਮਿਲੀ ਤਾਂ ਉਹ ਕਰੋਧ ਵਿਚ ਆਗਿਆ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ ਅਤੇ ਸਿੰਘਾਂ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤਾ। ਸਿੰਘਾਂ ਦੀ ਚੜ੍ਹਾਈ ਬਾਰੇ ਅਫ਼ਗਾਨੀਆਂ ਨੂੰ ਖ਼ਬਰ ਮਿਲ ਚੁੱਕੀ ਸੀ। ਉਸ ਵਕਤ ਅੰਮ੍ਰਿਤਸਰ ਸ਼ਹਿਰ ਤੋਂ ਕੁਝ ਦੂਰ ਗੋਹਲਵੜ ਪਿੰਡ ਕੋਲ ਜਥੇ ਦੇ ਸਿੰਘਾਂ ਦਾ ਦੁਸ਼ਮਣ ਫ਼ੌਜ ਟਾਕਰਾ ਹੋਇਆ। ਅਫਗਾਨੀ ਸਿੰਘਾਂ ਦੇ ਕਰਤਬ ਦੇਖ ਅਸ਼ ਅਸ਼ ਕਰ ਉੱਠੇ। ਅਫ਼ਗਾਨ ਕਮਾਂਡਰ ਜਹਾਨ ਖ਼ਾਨ ਨੇ ਵੀ ਬਾਬਾ ਦੀਪ ਸਿੰਘ ਨਾਲ ਦਵੰਦ ਯੁੱਧ ਦੀ ਇੱਛਾ ਜਤਾਈ। ਬਾਬਾ ਦੀਪ ਸਿੰਘ ਨੇ ਉਸ ਨਾਲ ਪਿੰਡ ਚਬਾ ਅਤੇ ਪਿੰਡ ਗੁਰੂਵਾਲੀ ਦੇ ਵਿਚਕਾਰ ਮੈਦਾਨ ਏ ਜੰਗ ਵਿਚ ਦਵੰਦ ਯੁੱਧ ਕੀਤਾ। ਜਿੱਥੇ ਦੋਹਾਂ ਦੇ ਘੋੜੇ ਮਾਰੇ ਗਏ ਅਤੇ ਸੰਜੋਅ ਵੀ ਟੁੱਟ ਗਈਆਂ। ਅਖੀਰ ਦੋਹਾਂ ਦੇ ਆਪਸ ਵਿਚੀਂ ਸਾਂਝੇ ਵਾਰ ਨਾਲ ਦੋਹਾਂ ਦੇ ਸੀਸ ਲੱਥ ਗਏ। ( ਜਿਥੇ ਅੱਜ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ, ਸੁਭਾਈਮਾਨ ਹੈ ਅਤੇ ਸੰਤ ਬਾਬਾ ਦਰਸ਼ਨ ਸਿੰਘ ਸੇਵਾ ਕਰਵਾ ਰਹੇ ਹਨ )

'ਚਲੀ ਤੇਗ ਅਤਿ ਬੇਗ ਸੈਂ, ਦੁਹੂੰ ਕੇਰ ਬਲ-ਵਾਰ।।
ਉਤਰ ਗਏ ਸਿਰ ਦੁਹੂੰ ਕੇ, ਪਰਸ-ਪਰੈਂ ਇਕ ਸਾਰ।।"
(ਸ੍ਰੀ ਗੁਰੂ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)

ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਜਾਣ ਸਦਕਾ ਸਰੀਰ ਜ਼ਮੀਨ 'ਤੇ ਡਿਗ ਪਿਆ। ਇਹ ਕੌਤਕ ਦੇਖ ਇਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਬਾਬਾ ਜੀ ਤੁਸਾਂ ਅਰਦਾਸ ਕੀਤੀ ਸੀ ਸੀਸ ਸੁਧਾਸਰ ਜਾ ਕੇ ਗੁਰੂ ਦੇ ਚਰਨਾਂ 'ਚ ਭੇਟ ਕਰਨਾ ਹੈ। ਇਹ ਹੁਣ ਕੀ ਭਾਣਾ ਵਰਤਾਇਆ ਜੇ ? ਸੁਧਾਸਰ ਇਥੋਂ ਦੋ ਕੋਹ ਦੂਰ ਹੈ।

ਢਿਗ ਤੈ ਏਕ ਸਿੰਘ ਪਿਖਿ ਕਹਯੋ। ਪਰਣ ਤੁਮਾਰਾ ਦੀਪ ਸਿੰਘ ਰਹਯੋ।

ਗੁਰਪੁਰਿ ਜਾਇ ਸੀਸ ਮੈਂ ਦੈਹੋਂ। ਸੋ ਤੇ ਦੋਇ ਕੋਸ ਇਸ ਠੈਹੋਂ।। (ਸ੍ਰੀ ਗੁਰੂ ਪੰਥ ਪ੍ਰਕਾਸ਼- ਕ੍ਰਿਤ, ਗਿਆਨੀ ਗਿਆਨ ਸਿੰਘ)

ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆਇਆ ਅਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਸਜੇ ਹੱਥ ਨਾਲ ਤਿੱਖਾ ਖੰਡਾ ਵਾਹੁੰਦੇ ਹੋਏ ਲੜਦੇ ਚਲੇ ਗਏ। ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ ਤਾਂ ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ, ਬਾਬਾ ਜੀ ਨੇ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਭੇਟ ਕਰਦਿਆਂ ਸੱਚਖੰਡ ਨੂੰ ਪਿਆਨਾ ਕੀਤਾ। ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਬਾਅਦ ਦਮਦਮੀ ਟਕਸਾਲ ਦੇ ਦੂਸਰੇ ਮੁਖੀ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ, ਜਿਨ੍ਹਾਂ ਨੇ ਅਬਦਾਲੀ ਦੀਆਂ ਫ਼ੌਜਾਂ ਨਾਲ ਲੜਦਿਆਂ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਆਪਾ ਵਾਰਿਆ, ਜਿਨ੍ਹਾਂ ਦਾ ਸ਼ਹੀਦੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਗਰ ਹੈ। ਆਪ ਜੀ ਤੋਂ ਬਾਅਦ ਭਾਈ ਸੂਰਤ ਸਿੰਘ ਜੀ, ਭਾਈ ਗੁਰਦਾਸ ਸਿੰਘ ਜੀ, ਭਾਈ ਸੰਤ ਸਿੰਘ ਜੀ, ਸੰਤ ਦਯਾ ਸਿੰਘ ਜੀ, ਸੰਤ ਗਿਆਨੀ ਭਗਵਾਨ ਸਿੰਘ ਜੀ, ਸੰਤ ਹਰਨਾਮ ਸਿੰਘ ਬੇਦੀ ਜੀ, ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਅਤੇ ਉਨ੍ਹਾਂ ਤੋਂ ਬਾਅਦ ਸੰਤ ਬਾਬਾ ਸੁੰਦਰ ਸਿੰਘ ਜੀ ਦਮਦਮੀ ਟਕਸਾਲ ਦੇ ਗਿਆਰ੍ਹਵੇਂ ਮੁਖੀ ਹੋਏ ਹਨ, ਜਿਨ੍ਹਾਂ ਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਹਿੰਦੁਸਤਾਨ ਦੀ ਆਜ਼ਾਦੀ ਲਈ ਵੀ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਤੋ ਬਾਅਦ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਦਮਦਮੀ ਟਕਸਾਲ ਦੇ ਲਗਭਗ 48 ਸਾਲ ਮੁਖੀ ਰਹੇ। ਉਨ੍ਹਾਂ ਵੀ ਜਥੇਬੰਦੀ 'ਚ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਸੰਥਿਆ, ਕਥਾ ਕੀਰਤਨ ਦੀ ਵੱਡੀ ਸਿਖਲਾਈ ਦਿੱਤੀ, ਫਲਸਰੂਪ ਉਨ੍ਹਾਂ ਦੇ ਸਮੇਂ ਅਤੇ ਉਨ੍ਹਾਂ ਤੋਂ ਬਾਅਦ ਵੀ ਜਥੇ ਤੋਂ ਸਿੱਖਿਆ ਪ੍ਰਾਪਤ ਸਿੰਘ ਤਖ਼ਤਾਂ ਦੇ ਜਥੇਦਾਰ, ਸਿੰਘ ਸਾਹਿਬਾਨ ਅਤੇ ਗੁਰੂ ਘਰਾਂ ਦੇ ਗ੍ਰੰਥੀ ਤੇ ਪ੍ਰਚਾਰਕ ਵਜੋਂ ਸੇਵਾ ਨਿਭਾਉਂਦੇ ਰਹੇ। ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਦੇ ਤੇਹਰਵੇ ਮੁਖੀ ਸਨ, ਨੇ 8 ਸਾਲਾਂ ਦੇ ਸਮੇਂ ਦੌਰਾਨ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਸਿੱਖੀ ਦੇ ਵਿਰੁੱਧ 'ਚ ਕੰਮ ਕਰ ਰਹੇ ਦੇਹਧਾਰੀ ਗੁਰੂਡੰਮ ਦੇ ਖ਼ ?ਲਾਫ਼ ਬਹੁਤ ਵੱਡੀ ਲਹਿਰ ਚਲਾਈ। ਦੇਸ਼ ਭਰ ਵਿੱਚ ਵੱਡੇ ਵੱਡੇ ਨਗਰ ਕੀਰਤਨ ਆਯੋਜਿਤ ਕਰ ਹਕੂਮਤ ਵੱਲੋਂ ਲਗਾਈ ਗਈ ਐਮਰਜੈਂਸੀ ਵਿਰੁੱਧ ਅੱਗੇ ਹੋ ਕੇ ਪ੍ਰਚਾਰ ਕੀਤਾ। ਉਨ੍ਹਾਂ ਤੋਂ ਪਿੱਛੋਂ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਚੌਦ ?ਹਵੇਂ ਮੁਖੀ ਬਣੇ। ਬਾਬਾ ਠਾਕੁਰ ਸਿੰਘ ਦੇ ਮਗਰੋਂ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਹਨ। ਜੋ ਦਮਦਮੀ ਟਕਸਾਲ ਨੂੰ ਸਥਾਪਿਤ ਕਰਨ ਦਾ ਮਕਸਦ ਤਹਿਤ ਸਿੱਖ ਸੰਗਤ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ, ਗੁਰਬਾਣੀ ਦਾ ਸ਼ੁੱਧ ਉਚਾਰਨ, ਗੁਰਬਾਣੀ ਦੇ ਅਰਥ, ਗੁਰ ਇਤਿਹਾਸ ਅਤੇ ਰਹਿਤ ਮਰਿਆਦਾ ਦੇ ਸੰਪੂਰਨ ਨਿਯਮਾਂ 'ਤੇ ਪਹਿਰਾ ਦੇਣ, ਸੰਗਤ ਨੂੰ ਅੰਮ੍ਰਿਤ ਛਕਾਉਣ ਅਤੇ ਗੁਰ ਸਿੱਖੀ ਦੇ ਲੜ ਲਾਉਣ ਦੀ ਮੁਹਿੰਮ ਦੀ ਅਗਵਾਈ ਕਰ ਰਹੇ ਹਨ। ਇਹ ਕਹਿਣ 'ਚ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਦਮਦਮੀ ਟਕਸਾਲ ਨੇ ਜਿੰਨੇ ਪਾਠੀ, ਗਿਆਨੀ, ਰਾਗੀ, ਪ੍ਰਚਾਰਕ ਤੇ ਕਥਾਵਾਚਕ ਪੈਦਾ ਕੀਤੇ ਹਨ, ਸ਼ਾਇਦ ਹੀ ਕੋਈ ਹੋਰ ਸੰਸਥਾ ਇਸ ਕਾਰਜ ਨੂੰ ਇਨ੍ਹੀਂ ਸਫਲਤਾ ਪੂਰਵਕ ਕਰ ਸਕੀ ਹੋਵੇ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਦਮਦਮੀ ਟਕਸਾਲ ਦੇ 319 ਵਾਂ ਸਥਾਪਨਾ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 7 ਅਗਸਤ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਵਿਖੇ ਕਰਾਇਆ ਜਾ ਰਿਹਾ ਹੈ।

**ਪ੍ਰੋ: ਸਰਚਾਂਦ ਸਿੰਘ ਖਿਆਲਾ:**

# ਮੁਸ਼ਕਿਲਾਂ ਨੂੰ ਲੈ ਕੇ ਵਾਰਡ ਨੰਬਰ 47 ਦੇ ਲੋਕਾਂ ਨੇ ਲਗਾਈ ਗੁਹਾਰ...

## ਬੰਦ ਸੀਵਰੇਜ,ਪੀਣ ਯੋਗ ਪਾਣੀ ਦੀ ਦੂਸ਼ਿਤ ਸਪਲਾਈ ਨੇ ਲੋਕਾਂ ਦਾ ਜਿਉਣਾ ਕੀਤਾ ਦੁਸ਼ਵਾਰ

ਅੰਮ੍ਰਿਤਸਰ, (ਲੋਕ ਬਾਣੀ)- ਸਰਕਾਰ ਅਤੇ ਨਗਰ ਨਿਗਮ ਪ੍ਰਸ਼ਾਸਨ ਵੱਲੋਂ ਸ਼ਹਿਰ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੇ ਦਾਅਵੇ ਉਸ ਸਮੇਂ ਹਵਾ ਹਵਾਈ ਹੁੰਦੇ ਹੋਏ ਨਜ਼ਰ ਆਏ ਜਦੋਂ ਵਾਰਡ ਨੰਬਰ 47 ਦੇ ਇਲਾਕੇ ਆਬਾਦੀ ਮਹੰਤ ਲਕਸ਼ਮਣ ਦਾਸ ਦੇ ਇਲਾਕਾ ਨਿਵਾਸੀ ਸ਼ਿਕਾਇਤਾਂ ਲੈ ਕੇ ਨਿਗਮ ਕਮਿਸ਼ਨਰ ਦੇ ਦਫਤਰ ਪਹੁੰਚੇ। ਉਹਨਾਂ ਦੇ ਨਾਲ ਸਾਬਕਾ ਸੀਨੀਅਰ ਡਿਪਟੀ ਮੇਅਰ ਅਤੇ ਮੌਜੂਦਾ ਕੌਂਸਲਰ ਅਵਤਾਰ ਸਿੰਘ ਟਰੱਕਾਂਵਾਲਾ ਵੀ ਮੌਜੂਦ ਸਨ। ਇਲਾਕਾ ਨਿਵਾਸੀ ਕੰਵਲਜੀਤ ਸਿੰਘ, ਪਰਮਜੀਤ ਸਿੰਘ, ਜਸਪ੍ਰੀਤ ਸਿੰਘ,ਤਜਿੰਦਰ ਸਿੰਘ, ਸੁਸ਼ੀਲ ਗੁਪਤਾ,ਹਰਪ੍ਰੀਤ ਸਿੰਘ,ਮਨਮੋਹਨ ਸਿੰਘ ਲਾਟੀ,ਨਰਿੰਦਰ ਸਿੰਘ, ਤੇਜਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਦੇ ਇਲਾਕੇ ਵਿੱਚ ਮੁਸ਼ਕਿਲਾਂ ਦੀ ਭਰਮਾਰ ਹੈ। ਚੁਣੇ ਹੋਏ ਨੁਮਾਇੰਦਿਆਂ ਵੱਲੋਂ ਮੁਸ਼ਕਿਲਾਂ ਦਾ ਨਿਪਟਾਰਾ ਨਹੀਂ ਕਰਵਾਇਆ ਜਾ ਰਿਹਾ ਹੈ।



ਲੋਕਾਂ ਨੂੰ ਇਸ ਵੇਲੇ ਸਭ ਤੋਂ ਜਿਆਦਾ ਮੁਸ਼ਕਿਲ ਬੰਦ ਸੀਵਰੇਜ ਦੇ ਚਲਦਿਆਂ ਪਾਣੀ ਦੀ ਨਿਕਾਸੀ ਦੀ ਆ ਰਹੀ ਹੈ।

# ਮਰੀਜ਼ ਦੇ ਵਾਰਸਾਂ ਵੱਲੋਂ ਨਰਸ ਨਾਲ ਕੁੱਟਮਾਰ ਕਰਨ ਦਾ ਮਾਮਲਾ ਭਖਿਆ

## ਨਰਸਿੰਗ ਸਟਾਫ ਨੇ ਮਾੜੇ ਪ੍ਰਬੰਧਾ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਮੈਡੀਕਲ ਸੁਪਰੀਡੈਂਟ ਦਫਤਰ ਦਾ ਕੀਤਾ ਘਿਰਾਓ

ਅੰਮ੍ਰਿਤਸਰ, (ਲੋਕ ਬਾਣੀ)-ਗੁਰੂ ਨਾਨਕ ਦੇਵ ਹਸਪਤਾਲ ਵਿੱਚ ਸਟਾਫ ਨਰਸ ਨਾਲ ਮਰੀਜ ਦੇ ਵਾਰਸਾਂ ਵੱਲੋਂ ਕੀਤੀ ਗਈ ਕੁੱਟਮਾਰ ਦੇ ਮਾਮਲੇ ਵਿੱਚ ਜੀਐਮਸੀਐਚ ਨਰਸਿੰਗ ਐਸੋਸੀਏਸ਼ਨ ਵੱਲੋਂ ਪੁਰਜੋਰ ਵਿਰੋਧ ਪ੍ਰਦਰਸ਼ਨ,ਧਰਨੇ ਦੌਰਾਨ ਜੰਮ ਕੇ ਨਾਰੇਬਾਜ਼ੀ ਕੀਤੀ ਗਈ। ਇਸ ਮਾਮਲੇ ਵਿੱਚ ਸੁਰੱਖਿਆ ਦੇ ਮਾੜੇ ਪ੍ਰਬੰਧਾਂ ਦੇ ਵਿਰੋਧ ਵਿੱਚ ਮੈਡੀਕਲ ਸੁੱਪਰਡੈਂਟ ਦਫਤਰ ਦਾ ਘਿਰਾਉ ਕੀਤਾ ਗਿਆ ।



ਯੂਨੀਅਨ ਦੇ ਨੁਮਾਈਦਿਆਂ ਅਤੇ ਨਰਸਿੰਗ ਵਿਭਾਗ ਦੇ ਮੁਲਾਜਮਾਂ ਨੇ ਨਰਾਜਗੀ ਜਾਹਿਰ ਕਰਦੇ ਹੋਏ ਦੱਸਿਆ ਗਿਆ ਕੇ ਅਸੀਂ ਏਥੇ ਹਸਪਤਾਲ ਵਿੱਚ ਲੋਕਾਂ ਦੀ ਸੇਵਾ ਲਈ ਆਉਂਦੇ ਹਾਂ ਨਾਂ ਕੇ ਲੋਕਾਂ ਕੋਲੋਂ ਕੁੱਟਮਾਰ ਕਰਵਾਉਣ ਲਈ । ਉਹਨਾਂ ਨੇ ਹਸਪਤਾਲ ਪ੍ਰਬੰਧਨ ਨੂੰ ਅਪੀਲ ਕੀਤੀ ਗਈ ਕਿ ਹਸਪਤਾਲ ਵਿੱਚ ਤਾਇਨਾਤ ਸਟਾਫ ਅਤੇ ਡਾਕਟਰਜ਼ ਖਾਸ ਕਰਕੇ ਮਹਿਲਾ ਸਟਾਫ ਦੀ ਸੁਰੱਖਿਆ ਲਈ ਉੱਚਿਤ ਪ੍ਰਬੰਧ ਕੀਤੇ ਜਾਣ ਤਾਂ ਜੋ ਅਸੀਂ ਸੁਰੱਖਿਅਤ ਮਾਹੌਲ ਵਿਚ ਆਪਣੀਆਂ ਸੇਵਾਵਾਂ ਸਮਾਜ ਦੇ ਲੋਕਾਂ ਨੂੰ ਦੇ ਸਕੀਏ।

# ਜੋਨ ਪੱਖੋ ਕਲਾਂ ਦੀਆਂ ਗਰਮ ਰੁੱਤ ਸਕੂਲ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ

## ਕਬੱਡੀ ਸਰਕਲ ਅੰਡਰ 17 ‘ਚ ਸਸਸਸ ਧੌਲਾ ਤੇ ਅੰਡਰ 14 ‘ਚ ਸਹਸ ਧੂਰਕੋਟ ਦੇ ਮੁੰਡੇ ਜੇਤੂ

ਬਰਨਾਲਾ, (ਲੋਕ ਬਾਣੀ ): 69ਵੀਆਂ ਪੰਜਾਬ ਰਾਜ ਜੋਨਲ ਸਕੂਲ ਖੇਡਾਂ ਤਹਿਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਸੁਨੀਤਇੰਦਰ ਸਿੰਘ ਅਤੇ ਉੱਪ-ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ ਕਰਵਾਈਆਂ ਜਾ ਰਹੀਆਂ ਜੋਨ ਪੱਖੋ ਕਲਾਂ ਦੀਆਂ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋ ਗਈਆਂ ਹਨ। ਅਖੀਰਲੇ ਦਿਨ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਸਕੂਲ ਮੁਖੀ ਸਰਕਾਰੀ ਸੈਕੰਡਰੀ ਸਕੂਲ ਰੂੜੇਕੇ ਕਲਾਂ ਜਤਿੰਦਰ ਸਿੰਘ ਨੇ ਵਿਸ਼ੇਸ਼ ਤੌਰ ‘ਤੇ ਸ਼ਿਰਕਤ ਕੀਤੀ। ਜੋਨਲ ਸਕੱਤਰ ਅਮਨਦੀਪ ਕੌਰ ਨੇ ਦੱਸਿਆ ਕਿ ਸਰਕਾਰੀ ਸੈਕੰਡਰੀ ਸਕੂਲ ਰੂੜੇਕੇ ਕਲਾਂ ਅਤੇ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਵਿਖੇ ਹੋਏ ਮੁਕਾਬਲਿਆਂ ਵਿੱਚ ਕਬੱਡੀ ਸਰਕਲ ਸਟਾਇਲ (ਲੜਕੇ) ਅੰਡਰ 14 ਵਿੱਚ ਸਹਸ ਧੂਰਕੋਟ ਨੇ ਪਹਿਲਾ, ਸਸਸਸ ਹੰਡਿਆਇਆ ਨੇ ਦੂਜਾ, ਸਹਸ ਬਦਰਾ ਤੇ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਤੀਜਾ, ਅੰਡਰ 17 ਸਾਲ ਵਿੱਚ ਸਸਸਸ ਧੌਲਾ ਨੇ ਪਹਿਲਾ, ਸਹਸ ਧੂਰਕੋਟ ਨੇ ਦੂਜਾ, ਸਸਸਸ ਹੰਡਿਆਇਆ ਤੇ ਸਸਸਸ ਪੱਖੋ ਕਲਾਂ ਨੇ ਤੀਜਾ, ਅੰਡਰ 19 ਸਾਲ ਵਿੱਚ ਸਸਸਸ ਪੱਖੋ ਕਲਾਂ ਨੇ ਪਹਿਲਾ ਤੇ ਸਸਸਸ ਰੂੜੇਕੇ ਕਲਾਂ ਨੇ ਦੂਜਾ ਸਥਾਨ ਹਾਸਲ ਕੀਤਾ। ਕ੍ਰਿਕੇਟ (ਲੜਕੇ) ਅੰਡਰ 14 ਸਾਲ ਤੇ 17 ਸਾਲ ਵਿੱਚ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਨੇ ਪਹਿਲਾ, ਅੰਡਰ 19 ਸਾਲ ਵਿੱਚ ਸੰਤ ਲੌਂਗਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ, ਵਾਈਐਸ ਹੰਡਿਆਇਆ ਨੇ ਦੂਜਾ ਤੇ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ।



# ਖਾਲਸਾ ਕਾਲਜ ਵਿਖੇ ਭਾਈ ਰਾਮ ਸਿੰਘ ਦੀ ਯਾਦ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ

ਅੰਮ੍ਰਿਤਸਰ, (ਲੋਕ ਬਾਣੀ)—ਖਾਲਸਾ ਕਾਲਜ ਦੀ ਸ਼ਾਨਦਾਰ ਵਿਰਾਸਤੀ ਇਮਾਰਤ ਦੇ ਭਵਨ ਨਿਰਮਾਣ ਕਰਤਾ ਪ੍ਰੋ. ਭਾਈ ਰਾਮ ਸਿੰਘ ਦੇ ਜਨਮ ਸਬੰਧੀ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਉਕਤ ਸੈਮੀਨਾਰ ਮੌਕੇ ਭਾਈ ਰਾਮ ਸਿੰਘ ਦੀ ਜੀਵਨ, ਕੰਮ ਦੀ ਮਹਾਨਤਾ ਅਤੇ ਭਾਰਤੀ ਤੇ ਸਿੱਖ ਇਮਾਰਤਕਲਾ ’ਚ ਬੇਮਿਸਾਲ ਯੋਗਦਾਨ ਨੂੰ ਯਾਦ ਕੀਤਾ ਗਿਆ। ਇਸ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨੇ ਕਾਲਜ ਦੀ ਇਮਾਰਤ ਦੀ ਖ਼ੂਬਸੂਰਤੀ ਦੇ ਨਾਲ-ਨਾਲ ਇਸ ਦੀ ਸਿੱਖਿਆਤਮਕ ਮਹੱਤਤਾ ’ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਸਿਰਫ਼ ਇਮਾਰਤ ਨਹੀਂ, ਸਗੋਂ ਸੰਸਕਾਰ, ਸੰਤੁਲਨ ਤੇ ਸੱਭਿਆਚਾਰਕ ਧਰੋਹਰ ਹੈ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਭਾਈ ਰਾਮ ਸਿੰਘ ਸਿਰਫ਼ ਇਕ ਆਰਕੀਟੈਕਟ ਨਹੀਂ, ਸਗੋਂ ਪੰਜਾਬੀ ਵਿਰਾਸਤ ਦਾ ਚਮਕਦਾ ਹੋਇਆ ਨਾਂ ਸਨ। ਉਨ੍ਹਾਂ ਸਿੱਖ ਇਮਾਰਤ ਕਲਾ ਨੂੰ ਇੰਡੋ-ਯੂਰੋਪੀਅਨ ਸ਼ੈਲੀ ਨਾਲ ਮਿਲਾ ਕੇ ਕਾਲਜ ਦੀਆਂ ਇਮਾਰਤਾਂ ਨੂੰ ਇਤਿਹਾਸਕ ਰੂਪ ਦਿੱਤਾ। ਉਨ੍ਹਾਂ ਕਿਹਾ ਕਿ ਕਾਲਜ ਦੇ ਸ਼ਾਨਦਾਰ ਗੁੰਬਦ, ਨਫੀਸ ਨਕਾਸ਼ੀ ਵਾਲੇ ਕੌਰੀਡੋਰ ਤੇ ਹਰ ਇਕ ਕੋਨਾ ਉਨ੍ਹਾਂ ਦੀ ਰਚਨਾਤਮਕ ਰੂਹ ਨੂੰ ਪ੍ਰਗਟ ਕਰਦਾ ਹੈ। ਉਨ੍ਹਾਂ ਪ੍ਰੋ. ਰਾਮ ਸਿੰਘ ਪ੍ਰਤੀ ਸ਼ਰਧਾ ਪ੍ਰਗਟਾਉਂਦਿਆਂ ਵਿਦਿਆਰਥੀਆਂ ’ਚ ਉਨ੍ਹਾਂ ਦੀ ਲੈਗਸੀ ਨੂੰ ਜਿਉਂਦਾ ਰੱਖਣ ਦੀ ਲੋੜ ’ਤੇ ਜ਼ੋਰ ਦਿੱਤਾ।




# ਰੁਪਿੰਦਰ ਕੌਰ ਨੂੰ ‘ਆਪ ਪਾਰਟੀ ਹਲਕਾ ਦੀਨਾਨਗਰ ਦੀ ਮਹਿਲਾ ਵਿੰਗ ਪ੍ਰਧਾਨ ਦੀ ਮਿਲੀ ਅਹਿਮ ਜ਼ਿੰਮੇਵਾਰੀ

## ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ - ਰੁਪਿੰਦਰ ਕੌਰ

ਗੁਰਦਾਸਪੁਰ: ( ਜਸਵਿੰਦਰ ਸਿੰਘ ) ਆਮ ਆਦਮੀ ਪਾਰਟੀ ਨੇ ਹਲਕਾ ਦੀਨਾਨਗਰ ਦੇ ਵਸਨੀਕ ਰੁਪਿੰਦਰ ਕੌਰ ਨੂੰ ਆਮ ਆਦਮੀ ਪਾਰਟੀ ਦੀਨਾਨਗਰ ਦਾ ਪ੍ਰਧਾਨ ਮਹਿਲਾ ਵਿੰਗ ਨਿਯੁਕਤ ਕੀਤਾ ਹੈ ਇਸ ਮੌਕੇ ਰੁਪਿੰਦਰ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਹਲਕਾ ਦੀਨਾਨਗਰ ਸਮਸ਼ੇਰ ਸਿੰਘ, ਮਾਰਕਿਟ ਕਮੇਟੀ ਦੀਨਾਨਗਰ ਚੇਅਰਮੈਨ ਬਲਜੀਤ ਸਿੰਘ ਖ਼ਾਲਸਾ,ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਤੇ ਰੁਪਿੰਦਰ ਕੌਰ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ



# ਖਾਲਸਾ ਕਾਲਜ ਇੰਜੀਨੀਅਰਿੰਗ ਨੇ ਇੰਡੀਆ ਟੂਡੇ ਸਰਵੇਖਣ-2025 ’ਚ ਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ

ਅੰਮ੍ਰਿਤਸਰ, (ਲੋਕ ਬਾਣੀ)—ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਨੇ ਭਾਰਤ ਦੇ ਚੋਟੀ ਦੇ ਪ੍ਰਾਈਵੇਟ ਇੰਜੀਨੀਅਰਿੰਗ ਕਾਲਜਾਂ ’ਚ 163ਵਾਂ ਰੈਂਕ ਅਤੇ ਭਾਰਤ ਦੇ ਚੋਟੀ ਦੇ ਉੱਭਰ ਰਹੇ ਪ੍ਰਾਈਵੇਟ ਇੰਜੀਨੀਅਰਿੰਗ ਕਾਲਜਾਂ ’ਚ 52ਵਾਂ ਰੈਂਕ ਪ੍ਰਾਪਤ ਕਰਕੇ ਇਕ ਮਹੱਤਵਪੂਰਨ ਅਕਾਦਮਿਕ ਮੀਲ ਪੱਥਰ ਸਥਾਪਿਤ ਕੀਤਾ ਹੈ। ਉਕਤ ਵੱਕਾਰੀ ਸਥਾਨ ਇੰਡੀਆ ਟੂਡੇ ਦੁਆਰਾ ਕਰਵਾਏ ਗਏ ‘ਸਰਵੇਖਣ-2025’ ਮੁਤਾਬਕ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਪ੍ਰਤੱਖ ਹੋਇਆ ਹੈ।

ਇਸ ਸਬੰਧੀ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਹ ਸ਼ਾਨਦਾਰ ਪ੍ਰਾਪਤੀ ਸੰਸਥਾ ਦੀ ਅਕਾਦਮਿਕ ਉੱਤਮਤਾ, ਸੰਪੂਰਨ ਵਿਕਾਸ ਅਤੇ ਕਰੀਅਰ ਤਿਆਰੀ ਸਬੰਧੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਉਕਤ ਰੈਂਕਿੰਗ ਇਨਟੇਕ ਕੁਆਲਿਟੀ ਐਂਡ ਗਵਰਨੈਂਸ, ਅਕਾਦਮਿਕ ਉੱਤਮਤਾ, ਬੁਨਿਆਦੀ ਢਾਂਚਾ ਅਤੇ ਰਹਿਣ-ਸਹਿਣ ਦਾ ਤਜਰਬਾ, ਸ਼ਖ਼ਸੀਅਤ ਤੇ ਲੀਡਰਸ਼ਿਪ ਵਿਕਾਸ ਅਤੇ ਪਲੇਸਮੈਂਟ ਤੇ ਕਰੀਅਰ ਪ੍ਰਗਤੀ ਆਦਿ ਕਈ ਮੁੱਖ ਮਾਪਦੰਡਾਂ ਦੇ ਆਧਾਰ ’ਤੇ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਫੈਕਲਟੀ, ਵਿਦਿਆਰਥੀਆਂ ਅਤੇ ਸਟਾਫ ਦੇ ਸਮੂਹਿਕ ਸਮਰਪਣ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਕਾਲਜ ਨੇ ਵਿਦਿਆਰਥੀਆਂ ਨੂੰ ਅਸਲ ਜੀਵਨ ਦਾ ਅਨੁਭਵ ਅਤੇ ਅਸਲ ਦੁਨੀਆ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਵੱਖ-ਵੱਖ ਉਦਯੋਗਾਂ ਅਤੇ ਹੋਰ ਅਕਾਦਮਿਕ ਸੰਸਥਾਵਾਂ ਨਾਲ ਸਮਝੌਤਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਹਿਯੋਗਾਂ ਦੇ ਨਤੀਜੇ ਵਜੋਂ ਵਿਦਿਆਰਥੀਆਂ ਦੀ ਪਲੇਸਮੈਂਟ ਦਰ ਉੱਚੀ ਹੋਈ ਹੈ। ਉਨ੍ਹਾਂ ਕਿਹਾ ਕਿ ਮਾਨਤਾ ਨੇ ਉਭਰ ਰਹੇ ਕਾਲਜ ਸ਼ ?ਰੇਣੀ ’ਚ ਇਕ ਭਵਿੱਖ-ਤਿਆਰ ਸੰਸਥਾ ਬਣਾਉਣ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤ ਕੀਤਾ ਹੈ।





# ਆਲ ਇੰਡੀਆ ਕਸ਼ਯਪ ਰਾਜਪੂਤ ਮਹਿਰਾ ਸਮਾਜ ਦੀ ਮੀਟਿੰਗ ਪੰਜਾਬ ਲੈਵਲ ਤੇ ਹੋਈ

ਲੁਧਿਆਣਾ, ( ਸੁਖਚੈਨ ਮਹਿਰਾ) ਆਲ ਇੰਡੀਆ ਮਹਿਰਾ, ਕਸ਼ਯਪ, ਕਹਾਰ, ਕੇਵਟ, ਨਿਸ਼ਾਦ, ਝੀਵਰ ਅਤੇ ਸਾਹਨੀ, ਮਾਲਾਹ ਵੈਲਫੇਅਰ ਸੋਸਾਇਟੀ ਵੱਲੋਂ ਮੀਟਿੰਗ ਦਾ ਆਯੋਜਨ ਸਾਬਕਾ ਕੌਂਸਲਰ ਰਾਜ ਕੁਮਾਰ ਮਹਿਰਾ ਦੇ ਨਿਵਾਸ ਸਥਾਨ ਵਿਖੇ ਕੀਤਾ ਗਿਆ ਇਸ ਮੌਕੇ ਸੁਸਾਇਟੀ ਦੇ ਰਾਸ਼ਟਰੀ ਪ੍ਰਧਾਨ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਬਿੱਕਰ ਸਿੰਘ ਮਹਿਰਾ ਅਤੇ ਧਰਮਵੀਰ ਸਿੰਘ ਮਹਿਰਾ ਰਿਟਾਇਰਡ ਸੁਪਰਡੈਂਟ ਆਫ ਪੁਲਿਸ , ਪੰਜਾਬ ਪ੍ਰਦੇਸ਼ ਕਾਂਗਰਸ ਘੱਟ ਗਿਣਤੀ ਸੈੱਲ ਦੇ ਜਨਰਲ ਸਕੱਤਰ ,ਸਮੇਤ ਹੋਰ ਵੀ ਕਈ ਪਤਵੰਤੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਿੱਕਰ ਸਿੰਘ ਮਹਿਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਕਾਂਗਰਸ ਪਾਰਟੀ ਓਬੀਸੀ ਭਾਈਚਾਰੇ ਨਾਲ਼ ਹਮੇਸ਼ਾਂ ਤੋਂ ਹੀ ਹਿਤੈਸ਼ੀ ਰਹੀ ਹੈ। ਉਨ੍ਹਾਂ ਕਿਹਾ ਕਿ ਓਬੀਸੀ ਭਾਈਚਾਰੇ ਨੂੰ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਣ ਦਿਤੀ ਜਾਏਗੀ ਜੇਕਰ ਕੋਈ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਸਾਡੀ ਟੀਮ ਨਾਲ਼ ਸੰਪਰਕ




ਕਰ ਸਕਦੇ ਹਨ। ਇਸ ਦੇ ਨਾਲ ਸਾਡੀ ਆਲ ਇੰਡੀਆ ਸੁਸਾਇਟੀ ਵੱਲੋਂ ਬਣਦਾ ਮਾਨ ਸਨਮਾਨ ਵੀ ਦਿੱਤਾ ਜਾਏਗਾ ਅਤੇ ਸਾਬਕਾ ਕੌਂਸਲਰ ਰਾਜ ਮਹਿਰਾ ਨੇ ਸਕੱਤਰ ਬਿੱਕਰ ਸਿੰਘ ਮਹਿਰਾ ਨਾਲ ਹੋਰ ਵੀ ਕਈ ਅਹਿਮ ਮੁਧਿਆ ਤੇ ਚਰਚਾ ਕੀਤੀ ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਵਿੱਚ ਕਸ਼ਯਪ ਰਾਜਪੂਤ ਮਹਿਰਾ ਸਮਾਜ ਦੇ ਲੋਕ ਵੱਡੀ ਗਿਣਤੀ ਵਿੱਚ ਸੰਗਠਨ ਦੇ ਵਿੱਚ ਸ਼ਾਮਿਲ ਹੋਣ ਲਈ ਲਗਾਤਾਰ ਸੰਪਰਕ ਕਰ ਰਹੇ ਹਨ। ਇਸ ਮੌਕੇ ਮਾਸਟਰ ਰਾਜ ਰਾਜ ਕੁਮਾਰ ਮਹਿਰਾ ,ਬਲਵੀਰ ਸਿੰਘ ਮਹਿਰਾ ,ਗੁਰਜੀਤ ਸਿੰਘ ਮਹਿਰਾ, ਰੋਬਿਨ ਮਹਿਰਾ, ਪੱਤਰਕਾਰ ਸੁਖਚੈਨ ਸਿੰਘ ਮਹਿਰਾ, ਪੱਤਰਕਾਰ ਰਾਮ ਰਾਜਪੂਤ, ਮਨਜੀਤ ਸਿੰਘ, ਸੋਨੂ ਮਹਿਰਾ, ਕੁਲਵਿੰਦਰ ਕੌਰ ਪੰਚ, ਨਛੱਤਰ ਕੌਰ ਰੋਪੜ, ਲਵਪ੍ਰੀਤ ਕੌਰ, ਕੁਲਵਿੰਦਰ ਕੌਰ, ਸੀਮਾ ਰਾਣੀ, ਅਮਨਪ੍ਰੀਤ ਸਿੰਘ, ਪਰਮਜੀਤ ਸਿੰਘ, ਜਸਕਰਨ ਸਿੰਘ, ਕਮਲਪ੍ਰੀਤ ਸਿੰਘ, ਕੁਲਵਿੰਦਰ ਕੌਰ ਮਹਿਰਾ ਨਵਾਂ ਸ਼ਹਿਰ, ਗੁਰਵਿੰਦਰ ਸਿੰਘ ਮਹਿਰਾ, ਰਣਜੀਤ ਸਿੰਘ ਮਹਿਰਾ, ਰਜੇਸ਼ ਕੁਮਾਰ ਮਹਿਰਾ, ਮਨਜੀਤ ਸਿੰਘ ਮਹਿਰਾ, ਪ੍ਰੀਤਮਾ ਮਹਿਰਾ ਜਲੰਧਰ, ਭੁਪਿੰਦਰ ਸਿੰਘ ਮਹਿਰਾ, ਅਮਰਜੀਤ ਸਿੰਘ ਮਹਿਰਾ, ਹਾਜ਼ਰ ਹੋਏ ਸਨ

# ਚੇਅਰਮੈਨ ਰਮਨ ਬਹਿਲ ਨੇ ਸਾਹਿਬ ਕੌਰ ਨੂੰ ਪ੍ਰਧਾਨ ਮਹਿਲਾਂ ਵਿੰਗ ਬਨਣ ਤੇ ਵਧਾਈ ਦਿੱਤੀ

**ਆਮ ਆਦਮੀ ਪਾਰਟੀ ਵਿੱਚ ਮਿਹਨਤ ਕਰਨ ਵਾਲੇ ਹਰ ਵਰਕਰ ਅਤੇ ਆਗੂ ਨੂੰ ਬਰਾਬਰ ਦਾ ਮਾਣ ਸਨਮਾਨ ਮਿਲਦਾ ਹੈ - ਚੇਅਰਮੈਨ ਰਮਨ ਬਹਿਲ**

ਗੁਰਦਾਸਪੁਰ ( ਜਸਵਿੰਦਰ ਸਿੰਘ ) - ਆਮ ਆਦਮੀ ਪਾਰਟੀ ਵੱਲੋਂ ਮਿਹਨਤ ਅਤੇ ਵਫਾਦਾਰੀ ਨਾਲ ਕੰਮ ਕਰਨ ਵਾਲੇ ਹਰ ਵਰਕਰ ਅਤੇ ਆਗੂ ਦਾ ਸਨਮਾਨ ਕੀਤਾ ਜਾਂਦਾ ਹੈ ਤੇ ਸਿਰਫ ਆਮ ਆਦਮੀ ਪਾਰਟੀ ਹੀ ਜੋ ਹਮੇਸ਼ਾ ਹੀ ਵਰਕਰਾਂ ਨੂੰ ਬਰਾਬਰ ਦਾ ਮਾਣ ਸਨਮਾਨ ਦਿੰਦੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਵੱਲੋਂ ਕੀਤਾ ਗਿਆ ਆਮ ਆਦਮੀ ਪਾਰਟੀ ਦੇ ਨਵਨਿਯੁਕਤ ਗੁਰਦਾਸਪੁਰ ਦੀ ਪ੍ਰਧਾਨ ਮਹਿਲਾ ਵਿੰਗ ਨੂੰ ਵਧਾਈ ਦਿੰਦਿਆਂ ਪੱਤਰਕਾਰਾਂ ਦੇ ਰੂ-ਬਰੂ ਹੁੰਦਿਆਂ ਪ੍ਰਗਟ ਕੀਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਸਾਹਿਬ ਕੌਰ ਨੇ ਹਮੇਸ਼ਾ ਹੀ ਪਾਰਟੀ ਦਾ ਮਜਬੂਤੀ ਅਤੇ ਚੜ੍ਹਦੀਕਲਾ ਲਈ ਕੰਮ ਕੀਤਾ ਹੈ ਜਿੰਨੀਆਂ ਵੀ ਚੋਣਾਂ ਹੋਈਆਂ ਉਹਨਾਂ ਸਾਰੀਆਂ ਚੋਣਾਂ ਵਿੱਚ ਸਾਹਿਬ ਕੌਰ ਨੇ ਇੱਕ ਨਿਮਾਣੇ ਜਿਹੇ ਵਰਕਰ ਵਾਂਗ ਕੰਮ ਕੀਤਾ ਹੈ ਅਤੇ ਪਾਰਟੀ ਨੇ ਉਹਨਾਂ ਨੂੰ ਜੋ ਵੀ ਜਿੰਮੇਵਾਰੀ ਦਿੱਤੀ ਉਸ ਉੱਪਰ ਸਾਹਿਬ ਕੌਰ ਖਰੇ ਉੱਤਰੇ ਹਨ ਜਿਸ ਦੇ ਚੱਲਦਿਆਂ ਪਾਰਟੀ ਵੱਲੋਂ ਉਹਨਾਂ ਨੂੰ ਪ੍ਰਧਾਨ ਮਹਿਲਾ ਵਿੰਗ ਦੀ ਜਿੰਮੇਵਾਰੀ ਦੇ ਕੇ ਨਿਵਾਜਿਆ ਹੈ ਇਸਦੇ ਨਾਲ ਹੀ ਪਾਰਟੀ ਵੱਲੋਂ ਹੋਰ ਵੀ ਜਿਹੜੇ ਨਵੇਂ ਅਹੁਦੇ ਦਿੱਤੇ ਹਨ ਉਹਨਾਂ ਸਾਰਿਆਂ ਨੂੰ ਮੇਰੇ ਵੱਲੋਂ ਅਤੇ ਸਮੁੱਚੀ ਪਾਰਟੀ ਵੱਲੋਂ ਵਧਾਈ ਅਤੇ ਇਹੋ ਅਪੀਲ ਕਰਦਾ ਹਾਂ ਕਿ ਤਗੜੇ ਹੋ ਕੇ ਪਾਰਟੀ ਲਈ ਕੰਮ ਕਰੋ ਤੇ ਆਉਣ ਵਾਲੀਆਂ ਚੋਣਾਂ ਵਿੱਚ ਇੱਕ ਵਾਰ ਫੇਰ ਪਾਰਟੀ ਨੂੰ ਝੰਡਾ ਬੁਲੰਦ ਕਰੋ ਤਾਂ ਜੋ ਆਮ ਆਦਮੀ ਪਾਰਟੀ ਇਸੇ ਤਰ੍ਹਾਂ ਹੀ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਸਕੇ



# ਵਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਗੁਰਪ੍ਰੀਤ ਸਿੰਘ ਗੁਰਾਇਆ ਨੂੰ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਬਣਨ ਤੇ ਵਧਾਈ ਦਿੱਤੀ

**ਆਮ ਆਦਮੀ ਪਾਰਟੀ ਵਿੱਚ ਮਿਹਨਤ ਕਰਨ ਵਾਲੇ ਹਰ ਵਰਕਰ ਅਤੇ ਆਗੂ ਨੂੰ ਬਰਾਬਰ ਦਾ ਮਾਣ ਸਨਮਾਨ ਮਿਲਦਾ ਹੈ - ਗੁਰਦੀਪ ਸਿੰਘ ਰੰਧਾਵਾ**

ਗੁਰਦਾਸਪੁਰ ( ਜਸਵਿੰਦਰ ਸਿੰਘ )- ਆਮ ਆਦਮੀ ਪਾਰਟੀ ਵੱਲੋਂ ਮਿਹਨਤ ਅਤੇ ਵਫਾਦਾਰੀ ਨਾਲ ਕੰਮ ਕਰਨ ਵਾਲੇ ਹਰ ਵਰਕਰ ਅਤੇ ਆਗੂ ਦਾ ਸਨਮਾਨ ਕੀਤਾ ਜਾਂਦਾ ਹੈ ਤੇ ਸਿਰਫ ਆਮ ਆਦਮੀ ਪਾਰਟੀ ਹੀ ਜੋ ਹਮੇਸ਼ਾ ਹੀ ਵਰਕਰਾਂ ਨੂੰ ਬਰਾਬਰ ਦਾ ਮਾਣ ਸਨਮਾਨ ਦਿੰਦੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਵੱਲੋਂ ਕੀਤਾ ਗਿਆ ਆਮ ਆਦਮੀ ਪਾਰਟੀ ਦੇ ਨਵਨਿਯੁਕਤ ਗੁਰਦਾਸਪੁਰ ਦੇ ਜਿਲਾ ਪ੍ਰਧਾਨ ਕਿਸਾਨ ਵਿੰਗ ਗੁਰਪ ?ਹੀਤ ਸਿੰਘ ਗੁਰਾਇਆ ਵਧਾਈ ਦਿੰਦਿਆਂ ਪੱਤਰਕਾਰਾਂ ਦੇ ਰੂ-ਬਰੂ ਹੁੰਦਿਆਂ ਪ੍ਰਗਟ ਕੀਤੇ ਵਧਾਇਕ ਗੁਰਦੀਪ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ ਨੇ ਕਿਹਾ ਕਿ ਗੁਰਪ ?ਹੀਤ ਸਿੰਘ ਨੇ ਹਮੇਸ਼ਾ ਹੀ ਪਾਰਟੀ ਦਾ ਮਜਬੂਤੀ ਅਤੇ ਚੜ੍ਹਦੀਕਲਾ ਲਈ ਕੰਮ ਕੀਤਾ ਹੈ ਜਿੰਨੀਆਂ ਵੀ ਚੋਣਾਂ ਹੋਈਆਂ ਉਹਨਾਂ ਸਾਰੀਆਂ ਚੋਣਾਂ ਵਿੱਚ ਗੁਰਪ ?ਹੀਤ ਸਿੰਘ ਨੇ ਇੱਕ ਨਿਮਾਣੇ ਜਿਹੇ ਵਰਕਰ ਵਾਂਗ ਕੰਮ ਕੀਤਾ ਹੈ ਅਤੇ ਪਾਰਟੀ ਨੇ ਉਹਨਾਂ ਨੂੰ ਜੋ ਵੀ ਜਿੰਮੇਵਾਰੀ ਦਿੱਤੀ ਉਸ ਉੱਪਰ ਗੁਰਪ ?ਹੀਤ ਸਿੰਘ ਪੂਰੀ ਤਰ੍ਹਾਂ ਖਰੇ ਉੱਤਰੇ ਹਨ ਜਿਸ ਦੇ ਚੱਲਦਿਆਂ ਪਾਰਟੀ ਵੱਲੋਂ ਉਹਨਾਂ ਨੂੰ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਦੀ ਜਿੰਮੇਵਾਰੀ ਦੇ ਕੇ ਨਿਵਾਜਿਆ ਹੈ ਇਸਦੇ ਨਾਲ ਹੀ ਪਾਰਟੀ ਵੱਲੋਂ ਹੋਰ ਵੀ ਜਿਹੜੇ ਨਵੇਂ ਅਹੁਦੇ ਦਿੱਤੇ ਹਨ ਉਹਨਾਂ ਸਾਰਿਆਂ ਨੂੰ ਮੇਰੇ ਵੱਲੋਂ ਅਤੇ ਸਮੁੱਚੀ ਪਾਰਟੀ ਵੱਲੋਂ ਵਧਾਈ ਅਤੇ ਇਹੋ ਅਪੀਲ ਕਰਦਾ ਹਾਂ ਕਿ ਤਗੜੇ ਹੋ ਕੇ ਪਾਰਟੀ ਲਈ ਕੰਮ ਕਰੋ ਤੇ ਆਉਣ ਵਾਲੀਆਂ ਚੋਣਾਂ ਵਿੱਚ ਇੱਕ ਵਾਰ ਫੇਰ ਪਾਰਟੀ ਨੂੰ ਝੰਡਾ ਬੁਲੰਦ ਕਰੋ ਤਾਂ ਜੋ ਆਮ ਆਦਮੀ ਪਾਰਟੀ ਇਸੇ ਤਰ੍ਹਾਂ ਹੀ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਸਕੇ



# ਪੰਜਾਬ ਭਰ ਤੋਂ ਸ਼ਾਮਲ ਹੋਇਆ ਕਸ਼ਯਪ ਰਾਜਪੂਤ ਮਹਿਰਾ ਸਮਾਜ ਦਾ ਭਾਰੀ ਇਕੱਠ

ਲੁਧਿਆਣਾ, ( ਸੁਖਚੈਨ ਮਹਿਰਾ) ਆਲ ਇੰਡੀਆ ਮਹਿਰਾ, ਕਸ਼ਯਪ, ਕਹਾਰ, ਕੇਵਟ, ਨਿਸ਼ਾਦ, ਝੀਵਰ ਅਤੇ ਸਾਹਨੀ, ਮਾਲਾਹ ਵੈਲਫੇਅਰ ਸੋਸਾਇਟੀ ਵੱਲੋਂ ਮੀਟਿੰਗ ਦਾ ਆਯੋਜਨ ਸਾਬਕਾ ਕੌਂਸਲਰ ਰਾਜ ਕੁਮਾਰ ਮਹਿਰਾ ਦੇ ਨਿਵਾਸ ਸਥਾਨ ਵਿਖੇ ਕੀਤਾ ਗਿਆ ਇਸ ਮੌਕੇ ਸੁਸਾਇਟੀ ਦੇ ਰਾਸ਼ਟਰੀ ਪ੍ਰਧਾਨ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਬਿੱਕਰ ਸਿੰਘ ਮਹਿਰਾ ਅਤੇ ਰਿਟਾਇਰਡ ਪੁਲਿਸ ਸੁਪਰਡੈਂਟ, ਪੰਜਾਬ ਪ੍ਰਦੇਸ਼ ਕਾਂਗਰਸ ਕਮਿਊਨਿਟੀ ਸੈੱਲ ਦੇ ਜਨਰਲ ਸਕੱਤਰ ਧਰਮਵੀਰ ਸਿੰਘ ਸਮੇਤ ਹੋਰ ਵੀ ਕਈ ਪਤਵੰਤੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਿੱਕਰ ਸਿੰਘ ਮਹਿਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਕਾਂਗਰਸ ਪਾਰਟੀ ਓਬੀਸੀ ਭਾਈਚਾਰੇ ਨਾਲ਼ ਹਮੇਸ਼ਾਂ ਤੋਂ ਹੀ ਹਿਤੈਸ਼ੀ ਰਹੀ ਹੈ। ਉਨ੍ਹਾਂ ਕਿਹਾ ਕਿ ਓਬੀਸੀ ਭਾਈਚਾਰੇ ਨੂੰ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਣ ਦਿਤੀ ਜਾਏਗੀ ਜੇਕਰ ਕੋਈ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਸਾਡੀ ਟੀਮ ਨਾਲ਼ ਸੰਪਰਕ ਕਰ ਸਕਦੇ ਹੋ। ਇਸ ਦੇ ਨਾਲ ਕਾਂਗਰਸ ਪਾਰਟੀ ਵੱਲੋਂ ਬਣਦਾ ਮਾਨ ਸਨਮਾਨ ਵੀ ਦਿੱਤਾ ਜਾਏਗਾ ਅਤੇ ਰਾਜ ਮਹਿਰਾ ਨੇ ਸਕੱਤਰ ਬਿੱਕਰ ਸਿੰਘ ਮਹਿਰਾ ਨਾਲ ਹੋਰ ਵੀ ਕਈ ਅਹਿਮ ਮੁਧਿਆ ਤੇ ਚਰਚਾ ਕੀਤੀ ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਵਿੱਚ ਕਸ਼ਯਪ ਰਾਜਪੂਤ ਮਹਿਰਾ ਸਮਾਜ ਦੇ ਲੋਕ ਵੱਡੀ ਗਿਣਤੀ ਵਿੱਚ ਸੰਗਠਨ ਦੇ ਵਿੱਚ ਸ਼ਾਮਿਲ ਹੋਣ ਲਈ ਲਗਾਤਾਰ ਸੰਪਰਕ ਕਰ ਰਹੇ ਹਨ।





**ਨਗਿੰਦਰ ਸਿੰਘ**
**ਵਾਸੀ : ਖੰਨਾ**

---

**ਰੋਜ਼ਾਨਾ ਲੋਕ ਬਾਣੀ ਅਖ਼ਬਾਰ ਵਲੋਂ ਜਨਮ ਦਿਨ ਦੀਆਂ ਮੁਬਾਰਕਾਂ**


# ਪੂਰਵੀ ਸ਼ਰਮਾ ਨੇ ਇੱਕ ਵਾਰ ਫਿਰ ਵਿਦੇਸ਼ੀ ਧਰਤੀ ਤੇ ਚਮਕਾਇਆ ਇਲਾਕੇ ਦਾ ਨਾਮ

ਨਿਊ ਚੰਡੀਗੜ੍ਹ ਜੇ ਕੇ ਬੱਤਾ, ਖਰਡ ਗੋਲੂ ਪਹਿਲਵਾਨ ਦੀ ਹੋਣਹਾਰ ਬੇਟੀ ਅਤੇ ਅਖਾੜਾ ਮੁੱਲਾਂਪੁਰ ਗਰੀਬਦਾਸ ਦੀ ਰੈਸਲਰ ਪੂਰਵੀ ਸ਼ਰਮਾ ਨੇ ਇੱਕ ਵਾਰ ਫਿਰ ਵਿਦੇਸ਼ੀ ਧਰਤੀ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਬੀਤੇ ਦਿਨੀਂ ਹਾਂਗਕਾਂਗ ਵਿਖੇ ਹੋਈ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਪੂਰਵੀ ਸ਼ਰਮਾ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਬ੍ਰਾਊਜ਼ ਮੈਡਲ ਹਾਸਲ ਕੀਤਾ ਹੈ।ਇਸ ਤੋਂ ਪਹਿਲਾਂ ਵੀ ਪੂਰਵੀ ਵਿਦੇਸ਼ੀ ਧਰਤੀ ਤੇ ਪਹਿਲਵਾਨੀ ਕਰਦਿਆਂ ਗੋਲਡ ਮੈਡਲ ਹਾਸਲ ਕਰ ਚੁੱਕੀ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਮਾਜ ਸੇਵੀ,ਖੇਡ ਪ੍ਰਮੋਟਰ ਅਤੇ ਦਾਸ ਐਸੋਸੀਏਟ ਦੇ ਸੰਚਾਲਕ ਤੇ ਪੂਰਵੀ ਦੇ ਤਾਇਆ ਜੀ ਸ੍ਰੀ ਰਵੀ ਸ਼ਰਮਾ ਨੇ ਦੱਸਿਆ ਕਿ ਪੂਰਵੀ ਬੀਤੇ ਦਿਨੀਂ ਹਾਂਗਕਾਂਗ ਵਿਖੇ ਭਾਰਤੀ ਟੀਮ ਸਮੇਤ ਪਹਿਲਵਾਨੀ ਦੇ ਜੌਹਰ ਵਿਖਾ ਕੇ ਆਈ ਹੈ, ਜਿਥੇ ਉਸ ਨੇ ਅੰਡਰ 17 ਦੇ 69 ਕਿਲੋਗ੍ਰਾਮ ਵਰਗ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ ਉਸ ਦੇ ਲਗਭਗ ਚਾਰ ਰਾਉਂਡ ਵਿਦੇਸ਼ੀ ਰੈਸਲਰਾਂ ਨਾਲ ਹੋਏ ਜਿਸ ਵਿੱਚ ਉਸ ਨੇ ਵਧੀਆ ਪ੍ਰਦਰਸ਼ਨ ਕੀਤਾ।ਪਰ ਆਖਰੀ ਗੇੜ ਦਾ ਮੁਕਾਬਲਾ ਭਾਰਤੀ ਪਹਿਲਵਾਨ ਨਾਲ ਹੀ ਹੋਇਆ ਜਿਸ ਵਿੱਚ ਆਖ਼ਰੀ ਅੰਕ ਲੈਣ ਵਾਲੇ ਪਹਿਲਵਾਨ ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ ਤੇ ਪੂਰਵੀ ਨੂੰ ਇਸ ਮੁਕਾਬਲੇ ਵਿੱਚ ਭਾਰਤੀ ਰੈਸਲਰ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਉਸ ਨੂੰ ਬ੍ਰਾਊਜ ਮੈਡਲ ਨਾਲ ਹੀ ਸੰਤੁਸ਼ਟ ਹੋਣਾ ਪਿਆ।ਪਰ ਉਸ ਨੇ ਜਿਨਾਂ ਵੀ ਪ੍ਰਦਰਸ਼ਨ ਕੀਤਾ ਬਾ ਕਮਾਲ ਰਿਹਾ ਜਿਸ ਦੀ ਪੰਜਾਬ ਵਿੱਚ ਬੈਠੇ ਉਸ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਨੇ ਲਾਈਵ ਟੈਲੀਕਾਸਟ ਰਾਹੀਂ ਦੇਖਿਆ ਅਤੇ ਉਸ ਦੀ ਸ਼ਲਾਘਾ ਕੀਤੀ।ਇਸ ਮੌਕੇ ਸ੍ਰੀ ਰਵੀ ਸ਼ਰਮਾ ਨੇ ਕਿਹਾ ਕਿ ਬੀਤੇ ਦਿਨੀਂ ਉਨ੍ਹਾਂ ਨੂੰ ਭਾਜਪਾ ਪਾਰਟੀ ਵੱਲੋਂ ਸਪੋਰਟਸ ਸੈੱਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਅਤੇ ਹੁਣ ਉਹ ਤਿੰਨ ਵਿਧਾਨ ਸਭਾ ਹਲਕਿਆਂ ਵਿਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਯਤਨਸ਼ੀਲ ਰਹਿਣਗੇ।



# ਮੋਬਾਈਲ ਫੋਨਾਂ ਦਾ ਅਸਰ

ਅੱਜਕੱਲ੍ਹ ਦੇ ਯੁੱਗ ਵਿੱਚ ਮੋਬਾਈਲ ਫੋਨ ਸਾਡੇ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਅਸੀਂ ਇਸ ਤੋਂ ਬਗੈਰ ਇੱਕ ਪਲ ਨਹੀਂ ਰਹਿ ਸਕਦੇ ।ਖ਼ਾਸ ਕਰਕੇ ਨੌਜਵਾਨਾਂ ਲਈ ਇਹ ਸਿਰਫ਼ ਕਾਲ ਜਾਂ ਮੈਸੇਜ ਭੇਜਣ ਦੀ ਚੀਜ਼ ਨਹੀਂ ਰਹੀ। ਅਲਾਰਮ ਨਾਲ ਉੱਠਣ ਤੋਂ ਲੈ ਕੇ ਰਾਤ ਨੂੰ ਸਕ੍ਰੋਲ ਕਰਦੇ ਕਰਦੇ ਸੌ ਜਾਣ ਤੱਕ, ਮੋਬਾਈਲ ਹਮੇਸ਼ਾ ਨਾਲ ਰਹਿੰਦਾ ਹੈ। ਮੋਬਾਈਲ ਫੋਨਾਂ ਦੇ ਕੁਝ ਚੰਗੇ ਪੱਖ ਵੀ ਹਨ। ਇਹਨਾਂ ਰਾਹੀਂ ਨੌਜਵਾਨ ਆਨਲਾਈਨ ਕਲਾਸਾਂ ਲੈ ਸਕਦੇ ਹਨ, ਪੜ੍ਹਾਈ ਲਈ ਸਮੱਗਰੀ ਲੱਭ ਸਕਦੇ ਹਨ ਅਤੇ ਨਵੀ ਨਵੀਂ ਜਾਣਕਾਰੀਆਂ ਹਾਸਲ ਕਰ ਸਕਦੇ ਹਨ। ਸੋਸ਼ਲ ਮੀਡੀਆ ਰਾਹੀਂ ਦੋਸਤਾਂ ਨਾਲ ਜੁੜੇ ਰਹਿਣਾ ਵੀ ਆਸਾਨ ਹੋ ਗਿਆ ਹੈ। ਕਈ ਨੌਜਵਾਨ ਆਪਣੀਆਂ ਛੋਟੀਆਂ ਬਿਜ਼ਨੈੱਸਾਂ ਵੀ ਚਲਾ ਰਹੇ ਹਨ ਜਾਂ ਇੰਫਲੂਐਂਸਰ ਬਣ ਗਏ ਹਨ। ਪਰ ਹਮੇਸ਼ਾ ਵਰਤਣਾ ਨੁਕਸਾਨਦਾਇਕ ਵੀ ਹੋ ਸਕਦਾ ਹੈ। ਲੰਮਾ ਸਮਾਂ ਸਕ੍ਰੀਨ ਦੇ ਸਾਹਮਣੇ ਬਿਤਾਉਣਾ ਅੱਖਾਂ ਦੀ ਥਕਾਵਟ ਤੇ ਨਜ਼ਰ ਦਾ ਘੱਟ ਜਾਣਾ, ਨੀਂਦ ਦੀ ਸਮੱਸਿਆ, ਅਤੇ ਧਿਆਨ ਦੀ ਘਾਟ ਵਰਗੀਆਂ ਮੁਸ਼ਕਲਾਂ ਪੈਦਾ ਕਰਦਾ ਹੈ। ਸੋਸ਼ਲ ਮੀਡੀਆ ਦੀ ਆਦਤ ਪੜ੍ਹਾਈ ਅਤੇ ਸਮਾਂ ਦੋਵੇਂ ਖਰਾਬ ਕਰ ਸਕਦੀ ਹੈ। ਇੱਕ ਹੋਰ ਮੁੱਦਾ ਇਹ ਵੀ ਹੈ ਕਿ ਅਸੀਂ ਅਸਲੀ ਜੀਵਨ ਵਿੱਚ ਗੱਲ ਕਰਨਾ ਭੁੱਲ ਰਹੇ ਹਾਂ। ਪਰਿਵਾਰਕ ਰਿਸ਼ਤੇ ਅਤੇ ਦੋਸਤੀ ਵੀ ਪ੍ਰਭਾਵਿਤ ਹੋ ਰਹੀ ਹੈ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਾਡੇ ਸੋਸ਼ਲ ਮੀਡੀਆ ਤੇ ਦੋਸਤ ਤਾਂ ਬਹੁਤ ਜ਼ਿਆਦਾ ਬਣ ਜਾਂਦੇ ਹਨ ਪਰ ਅਸਲੀਅਤ ਵਿੱਚ ਇਹ ਸਭ ਤੁਹਾਡੇ ਸਟੇਟਸ ਨੂੰ ਲਾਈਕ ਕਰਨ ਵਾਲੇ ਹੁੰਦੇ ਆ ਬਸ ਹੋਰ ਕੁਝ ਨਹੀ । ਇਸ ਨਾਲ ਸਾਡਾ ਸਭਿਆਚਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ । ਇਸ ਲਈ, ਮੋਬਾਈਲ ਫੋਨ ਵਰਤਣ ਵਿੱਚ ਸੰਤੁਲਨ ਬਣਾਓ। ਸਮੇਂ-ਸਮੇਂ ਤੇ ਵਿਸ਼ਰਾਮ ਲਓ ਭਾਵ ਮੋਬਾਈਲ ਨੂੰ ਆਪਣੇ ਤੋਂ ਦੂਰ ਰੱਖੋ ਅਤੇ ਮੋਬਾਈਲ ਨੂੰ ਸਹੀ ਤਰੀਕੇ ਨਾਲ ਵਰਤੋ, ਤਾਂ ਜੋ ਇਹ ਤੁਹਾਡਾ ਸਹੀ ਸਾਥੀ ਬਣ ਸਕੇ। ਤਾਂ ਹੀ ਅਸੀਂ ਅਪਣਾ ਮਾਨਸਿਕ ਤਣਾਅ ਘਟਾ ਸਕਦੇ ਹਾਂ ।



**ਲੇਖਕ**
**ਦਿਨੇਸ਼ ਠਾਕੁਰ (ਲੈਕਚਰਾਰ ਅੰਗਰੇਜ਼ੀ)**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਫ਼ਰ**
**ਜ਼ਿਲ੍ਹਾ- ਹੁਸ਼ਿਆਰਪੁਰ**

# ਰੂਸ-ਯੂਕਰੇਨ ਜੰਗ 'ਚ ਮੌਤ ਦੇ ਮੂੰਹ ਵਿੱਚੋਂ ਪਰਤੇ ਨੌਜਵਾਨ ਨੇ ਦੱਸੀਆਂ ਰੂਹ ਕਬਾਊ ਗੱਲਾਂ

## ਘਰ ਕਦੇ ਗੁਲੇਲ ਨਹੀਂ ਸੀ ਚਲਾਈ, ਉਥੇ ਅਧੁਨਿਕ ਹਥਿਆਰ ਦੇ ਟਿੱਗਰ 'ਤੇ ਰਹਿੰਦੀ ਸੀ ਉਂਗਲ

ਜਲੰਧਰ, (ਲੋਕ ਬਾਣੀ)-ਰੂਸ-ਯੂਕਰੇਨ ਜੰਗ ਦੌਰਾਨ ਵਰ੍ਹਦੀਆਂ ਗੋਲੀਆਂ ਵਿੱਚੋਂ ਜਾਨ ਬਚਾ ਕੇ ਵਾਪਸ ਪਰਤੇ ਪੰਜਾਬ ਦੇ ਨੌਜਵਾਨ ਨੇ ਆਪਣੀ ਹੱਡਬੀਤੀ ਦੱਸਦਿਆ ਲੂੰ-ਕੰਡੇ ਖੜੇ ਕਰਨ ਵਾਲੀਆਂ ਘਟਨਾਵਾਂ ਦਾ ਖੁਲਾਸਾ ਕੀਤਾ। ਸਾਲ 2024 ਨੂੰ ਅਪ੍ਰੈਲ ਦੇ ਮਹੀਨੇ ਰੂਸ ਗਏ ਨੌਜਵਾਨ ਸਰਬਜੀਤ ਸਿੰਘ ਨੇ ਦੱਸਿਆ ਕਿ ਦੋ ਹਫ਼ਤਿਆਂ ਦੀ ਫੌਜੀ ਸਿਖਲਾਈ ਤੋਂ ਬਾਅਦ ਉਨਾ ਨੂੰ ਸਿੱਧਾ ਯੂਕਰੇਨ ਸਰਹੱਦ 'ਤੇ ਜੰਗ ਲੜਨ ਲਈ ਭੇਜ ਦਿੱਤਾ। ਇਸ ਨੌਜਵਾਨ ਨੇ ਦੱਸਿਆ ਕਿ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਮੱਦਦ ਨਾ ਕਰਦੇ ਤਾਂ ਉਨ੍ਹਾਂ ਦੀਆਂ ਲਾਸ਼ਾਂ ਵੀ ਸ਼ਾਇਦ ਘਰਾਂ ਵਿੱਚ ਨਹੀਂ ਸੀ ਪਹੁੰਚਣੀਆਂ। ਸਰਬਜੀਤ ਸਿੰਘ ਨੇ ਸੰਤ ਸੀਚੇਵਾਲ ਜੀ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਦੇ ਮਾਪੇ ਸਮਝੇ ਹਨ ਉਨ੍ਹਾਂ ਦੇ ਪੁੱਤ ਦਾ ਦੁਬਾਰਾ ਜਨਮ ਹੋਇਆ ਹੈ। ਇਹ



ਨੌਜਵਾਨ ਉਥੇ ਲਾਪਤਾ 14 ਭਾਰਤੀਆਂ ਦੀ ਤਲਾਸ਼ ਕਰਨ ਵਾਸਤੇ ਮੁੜ ਮਾਸਕੋ ਜਾ ਰਿਹਾ ਹੈ ਤਾਂ ਜੋ ਉਥੇ ਫੌਜੀ ਟਿਕਾਣਿਆ ਤੋਂ ਲਾਪਤਾ ਭਾਰਤੀਆਂ ਦੀ ਨਿਸ਼ਾਨਦੇਹੀ ਹੋ ਸਕੇ। ਸਰਬਜੀਤ ਸਿੰਘ ਉਥੇ 8 ਮਹੀਨੇ ਤੋਂ ਵੱਧ ਸਮਾਂ ਰਹਿ ਕੇ ਆਇਆ ਹੈ ਤੇ ਉਸ ਨੂੰ ਬਹੁਤ ਸਾਰੇ ਸ਼ਹਿਰਾਂ ਬਾਰੇ ਜਾਣਕਾਰੀ ਹੈ। ਸਰਬਜੀਤ ਸਿੰਘ ਦੱਸਿਆ ਕਿ ਉਹ ਕੁਲ 18 ਜਣੇ ਸਨ ਜਿੰਨਾ ਨੂੰ ਟ੍ਰੈਵਲ ਏਜੰਟ ਨੇ ਕੋਰੀਅਰ ਦਾ ਕੰਮ ਕਰਨ ਲਈ ਮਾਸਕੋ ਭੇਜਿਆ ਸੀ।

# ਜਨਤਾ ਕਲੋਨੀ ਨਯਾਗਾਓਂ ਵਾਰਡ ਨੰਬਰ 15-16-17-18 ਵਿੱਚ ਦੋ ਹਫ਼ਤਿਆਂ ਤੋਂ ਪੀਣ ਵਾਲਾ ਪਾਣੀ ਨਹੀਂ ਮਿਲਿਆ

## ਲੋਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ


ਜੇ ਕੇ ਬੱਤਾ ਖਰੜ, ਜਨਤਾ ਕਲੋਨੀ ਨਯਾਗਾਓਂ ਵਾਰਡ ਨੰਬਰ 15-16-17-18 ਵਿੱਚ ਲੰਬੇ ਸਮੇਂ ਤੋਂ ਪਾਣੀ ਦੀ ਸਮੱਸਿਆ ਹੈ, ਜਿਸ ਦਾ ਕਾਰਨ ਸਰਕਾਰ ਦੇ ਬੇਕਾਰ ਅਧਿਕਾਰੀ ਹਨ ਜੋ ਆਪਣਾ ਕੰਮ ਸਹੀ ਢੰਗ ਨਾਲ ਨਹੀਂ ਕਰਦੇ। ਜੇਕਰ ਆਮ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਜੇ.ਈ. ਰਾਜਨ ਜੇ ਕੋਲ ਜਾਂਦੇ ਹਨ, ਤਾਂ ਜੇ.ਈ. ਸਾਹਿਬ ਕੋਲ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਜਾਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਲਈ ਕਾਫ਼ੀ ਸਮਾਂ ਨਹੀਂ ਹੁੰਦਾ। ਜਦੋਂ ਵਾਰਡ ਦੇ ਲੋਕ ਸੇਵਕ, ਕੌਂਸਲਰ ਪ੍ਰਮੋਦ ਕੁਮਾਰ, ਕੌਂਸਲਰ ਵਿਸ਼ਾਲ ਮਾਨਸਾ ਪਾਸੀ ਅਤੇ ਸੁਨਹਿਰੀ ਦੇਵੀ ਉਨ੍ਹਾਂ ਨੂੰ ਫ਼ੋਨ ਕਰਦੇ ਹਨ, ਤਾਂ ਉਹ ਨਾ ਤਾਂ ਫ਼ੋਨ ਚੁੱਕਦੇ



ਹਨ ਅਤੇ ਨਾ ਹੀ ਜੇਕਰ ਉਨ੍ਹਾਂ ਨੂੰ ਫ਼ੋਨ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਕੋਲ ਜਨਤਾ ਦੀਆਂ ਸਮੱਸਿਆਵਾਂ ਸੁਣਨ ਲਈ ਕਾਫ਼ੀ ਸਮਾਂ ਨਹੀਂ ਹੁੰਦਾ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਸਿਰਫ਼ ਆਪਣੇ ਦਫ਼ਤਰ ਵਿੱਚ ਬੈਠ ਕੇ ਫ਼ੋਨ ਚਲਾਉਣ। ਜਨਤਾ ਕਲੋਨੀ ਵਾਰਡ 15-16-17-18 ਵਿੱਚ ਗੰਦੇ ਪਾਣੀ ਦੀ ਸਮੱਸਿਆ ਲੰਬੇ ਸਮੇਂ ਤੋਂ ਚੱਲ ਰਹੀ ਹੈ ਅਤੇ ਇਸਦਾ ਅਜੇ ਤੱਕ ਕੋਈ ਹੱਲ ਨਹੀਂ ਹੋਇਆ ਹੈ।

# ਘੱਗਰ ਦਰਿਆ ਵਿੱਚ ਪਾਣੀ ਵਧ ਜਾਣ ਕਾਰਣ ਪਟਿਆਲਾ ਇਲਾਕੇ ਵਿੱਚ ਅਲਰਟ

ਮੋਹਾਲੀ, (ਸਵਰਨ ਸਿੰਘ ਬਾਵਾ)-ਹਿਮਾਚਲ ਵਿਚ ਪੈ ਰਹੇ ਭਾਰੀ ਮੀਂਹ ਕਾਰਣ ਜਿੱਥੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਹੜ੍ਹ ਦਾ ਖ਼ਤਰਾ ਪੈਦਾ ਹੋ ਗਿਆ ਹੈ, ਉਥੇ ਹੀ ਪਟਿਆਲਾ ਵਿਚ ਵੀ ਖ਼ਤਰੇ ਦੀ ਘੰਟੀ ਵੱਜ ਗਈ ਹੈ। ਦਰਅਸਲ ਘੱਗਰ ਦਰਿਆ ਵਿਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਪਿਛਲੇ 24 ਘੰਟਿਆਂ ਤੋਂ ਪਾਣੀ ਵੱਧ ਰਿਹਾ ਹੈ। ਇਸ ਦੇ ਮੱਦੇਨਜ਼ਰ ਪਟਿਆਲਾ ਪ੍ਰਸ਼ਾਸਨ ਨੇ ਘੱਗਰ ਨਦੀ ਦੇ ਨੇੜਲੇ ਇਕ ਦਰਜਨ ਤੋਂ ਵੱਧ ਪਿੰਡਾਂ ਲਈ ਐਡਵਾਈਜ਼ਰੀ ਜਾਰੀ ਕਰਦਿਆਂ ਉਨ੍ਹਾਂ ਨੂੰ ਸੁਚੇਤ ਰਹਿਣ ਲਈ ਕਿਹਾ ਹੈ। ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਉਤੇ ਪਹੁੰਚਣ ਕਾਰਨ ਪਿੰਡ ਵਾਸੀਆਂ ਨੂੰ ਰਾਜਪੁਰਾ, ਘਨੌਰ ਅਤੇ ਹੋਰ ਨੇੜਲੇ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਦਰਿਆ ਵੱਲ ਜਾਣ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ ਹੈ। ਇਸ ਦੌਰਾਨ ਪਟਿਆਲਾ ਦੀ ਡੀ. ਸੀ. ਪ੍ਰੀਤੀ ਯਾਦਵ ਨੇ ਨਾਗਰਿਕਾਂ ਨੂੰ ਸਤਰਕ ਰਹਿਣ, ਅਫਵਾਹਾਂ ਫੈਲਾਉਣ ਤੋਂ ਬਚਣ ਅਤੇ ਪਾਣੀ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਦੀ ਤੁਰੰਤ ਸੂਚਨਾ ਜ਼ਿਲ੍ਹਾ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਦੇਣ ਦੀ ਅਪੀਲ ਕੀਤੀ ਹੈ। ਦੂਜੇ ਪਾਸੇ ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿਚ ਮੀਂਹ ਕਾਰਨ ਬਿਆਸ ਅਤੇ ਸਤਲੁਜ ਵਿਚ ਪਾਣੀ ਦਾ ਪੱਧਰ ਵੀ ਵਧ ਰਿਹਾ ਹੈ। ਹਰੀਕੇ ਹੈੱਡ ਤੋਂ ਹੁਸੈਨੀਵਾਲਾ ਹੈੱਡ ਲਈ 20 ਹਜ਼ਾਰ ਤੋਂ 25 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਹੁਸੈਨੀਵਾਲਾ ਹੈੱਡ ਤੋਂ ਤਿੰਨ ਜਾਂ ਚਾਰ ਗੇਟ ਖੋਲ੍ਹ ਕੇ ਪਾਣੀ ਛੱਡਿਆ ਜਾ ਰਿਹਾ ਹੈ, ਜੋ ਫਾਜ਼ਿਲਕਾ ਵੱਲ ਜਾਵੇਗਾ।



# ਮੁਖਦੇਵ ਸਿੰਘ ਆਲੋਵਾਲ ਨੇ 'ਆਪ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਦੇ ਜੋਬਨ ਰੰਧਾਵਾ ਚੇਅਰਮੈਨ ਪਲਾਇੰਗ ਬੋਰਡ ਬਨਣ ਤੇ ਵਧਾਈ ਦਿੱਤੀ

**ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ - ਮੁਖਦੇਵ ਸਿੰਘ ਆਲੋਵਾਲ**

ਗੁਰਦਾਸਪੁਰ: ( ਜਸਵਿੰਦਰ ਸਿੰਘ )- ਆਮ ਆਦਮੀ ਪਾਰਟੀ ਨੇ ਗੁਰਦਾਸਪੁਰ ਦੇ ਜੋਬਨ ਰੰਧਾਵਾ ਨੂੰ ਆਮ ਆਦਮੀ ਪਾਰਟੀ ਗੁਰਦਾਸਪੁਰ ਦਾ ਚੇਅਰਮੈਨ ਪਲਾਨਿੰਗ ਬੋਰਡ ਨਿਯੁਕਤ ਕੀਤਾ ਗਿਆ ਇਸ ਮੌਕੇ ਤੇ ਮੁਖਦੇਵ ਸਿੰਘ ਆਲੋਵਾਲ ਗੁਰਦਾਸਪੁਰ ਜ਼ਿਲ੍ਹਾ ਮੀਡੀਆ ਇੰਨਚਾਰਜ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਚੇਅਰਮੈਨ ਰਾਜੀਵ ਸ਼ਰਮਾ, ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਆਲੋਵਾਲ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ



# ਰੇਲਵੇ ਲਿੰਕ ਰੋਡ ਸਥਿਤ ਨਿਰਮਾਣ ਅਧੀਨ ਇਮਾਰਤ ਤੇ ਚੱਲਿਆ ਨਿਗਮ ਦਾ ਹਥੋੜਾ

ਅੰਮ੍ਰਿਤਸਰ (ਲੋਕ ਬਾਣੀ)- ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਆਦੇਸ਼ਾਂ ਤੋਂ ਬਾਅਦ ਐਮਟੀਪੀ ਨਰਿੰਦਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੇਲਵੇ ਲਿੰਕ ਰੋਡ ਸਥਿਤ ਰਾਜਾ ਐਂਡ ਕੰਪਨੀ ਵੱਲੋਂ ਨਿਰਮਾਣ ਅਧੀਨ ਇਮਾਰਤ ਤੇ ਕਾਰਵਾਈ ਕਰਦੇ ਹੋਏ ਨਿਗਮ ਕਰਮਚਾਰੀਆਂ ਵੱਲੋਂ ਹਥੋੜੇ ਚਲਾ ਕੇ ਦੀਵਾਰਾਂ ਨੂੰ ਤੋੜਿਆ ਗਿਆ। ਅਸੀਸਟੈਂਟ ਟਾਊਨ ਪਲੈਨਰ ਪਰਮਿੰਦਰਜੀਤ ਸਿੰਘ ਦੀ ਜਾਣਕਾਰੀ ਮੁਤਾਬਿਕ ਗੈਰ ਕਾਨੂੰਨੀ ਤਰੀਕੇ ਦੇ ਨਾਲ ਬਹੂ ਮੰਜ਼ਿਲਾਂ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਸੀ। ਕਾਨੂੰਨ ਦੇ ਦਾਇਰੇ ਤੋਂ ਉਲਟ ਉਸਾਰੀ ਜਾ ਰਹੀ ਇਮਾਰਤ ਨੂੰ ਪਹਿਲਾਂ ਕਈ ਵਾਰ ਨੋਟਿਸ ਵੀ ਭੇਜੇ ਗਏ। ਜਿਸ ਦੇ ਚੱਲਦਿਆਂ ਉਸਾਰੀ ਬੰਦ ਨਾ ਕਰਨ ਤੇ ਬਹੁ ਮੰਜਲਾ ਇਮਾਰਤ ਉੱਪਰ ਕਾਰਵਾਈ ਕਰਦੇ ਹੋਏ ਦੀਵਾਰਾਂ ਨੂੰ ਤੋੜਿਆ ਗਿਆ ਹੈ। ਉਹਨਾਂ ਨੇ ਕਿਹਾ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ



ਨਿਰਦੇਸ਼ਾਂ ਤੇ ਚਲਦਿਆਂ ਗੈਰ ਕਾਨੂੰਨੀ ਤਰੀਕੇ ਨਾਲ ਉਸਾਰੀ ਜਾਣ ਵਾਲੀਆਂ ਇਮਾਰਤਾਂ ਨੂੰ ਵਿਭਾਗ ਬਰਦਾਸ਼ਤ ਨਹੀਂ ਕਰੇਗਾ। ਇਸ ਮੌਕੇ ਤੇ ਏਟੀਪੀ ਰਮਨ



ਕੁਮਾਰ,ਏਟੀਪੀ ਮਨਜੀਤ ਸਿੰਘ,ਬਿਲਡਿੰਗ ਇੰਸਪੈਕਟਰ ਸੁਖਵਿੰਦਰ ਸ਼ਰਮਾ ਤੋਂ ਇਲਾਵਾ ਕਈ ਨਗਰ ਨਿਗਮ ਅਤੇ ਪੁਲਿਸ ਕਰਮਚਾਰੀ ਵੀ ਮੌਜੂਦ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਕਿਡਜ਼ ਕੇਅਰ ਇੰਟਰਨੈਸ਼ਨਲ ਸਕੂਲ ਅਵਾਂਖਾ ਦੀਨਾਨਗਰ ਦੇ ਪਲੇ ਵੇ ਵਿੰਗ ਵਿੱਚ ਤੀਜ ਦਾ ਤਿਉਹਾਰ ਮਨਾਇਆ ਗਿਆ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਕਿਡਜ਼ ਕੇਅਰ ਇੰਟਰਨੈਸ਼ਨਲ ਸਕੂਲ ਵਿੱਚ ਪ੍ਰਧਾਨ ਅਰਵਿੰਦ ਮਹਿਤਾ ਅਤੇ ਸਚਿਵ ਮਧੁਰ ਭਾਸ਼ਿਣੀ ਦੀ ਪ੍ਰਧਾਨਗੀ ਹੇਠ ਪਲੇ ਵੇ ਵਿੰਗ ਵਿੱਚ ਨੰਨ੍ਹੇ ਮੁੰਨੇ ਬੱਚਿਆਂ ਨੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ। ਪਲੇ ਵੇ ਵਿੰਗ ਦੇ ਨੰਨ੍ਹੇ ਮੁੰਨੇ ਬੱਚੇ ਪੰਜਾਬੀ ਵੇਸ਼ਭੂਸ਼ਾ ਵਿੱਚ ਬਹੁਤ ਸੋਹਣੇ ਲੱਗ ਰਹੇ ਸੀ ਅਤੇ ਉਹਨਾਂ ਦਾ ਉਤਸ਼ਾਹ ਦੇਖਣ ਵਾਲਾ ਸੀ। ਪ੍ਰਿੰਸੀਪਲ ਪ੍ਰੋਮਿਲਾ ਮਨਹਾਸ ਨੇ ਤੀਜ ਦੇ ਤਿਉਹਾਰ ਤੇ ਬੱਚਿਆਂ ਨੂੰ ਵਧਾਈ ਦਿੱਤੀ। ਇਨਚਾਰਜ ਪਾਇਲ ਸ਼ਰਮਾ ਨੇ ਕਿਹਾ ਕਿ ਤੀਜ ਦਾ ਤਿਉਹਾਰ ਬੱਚਿਆ ਨੂੰ ਉਹਨਾਂ ਦੀ ਸੰਸਕ੍ਰਿਤੀ ਅਤੇ ਪਰੰਪਰਾ ਬਾਰੇ ਜਾਣਕਾਰੀ ਦੇਣ ਦਾ ਇੱਕ ਸ਼ਾਨਦਾਰ ਮੌਕਾ ਦਿੰਦਾ ਹੈ। ਇਹ ਤਿਉਹਾਰ ਬੱਚਿਆਂ ਵਿੱਚ ਖੁਸ਼ੀ ਅਤੇ ਉਤਸ਼ਾਹ ਪੈਦਾ ਕਰਦਾ ਹੈ ਅਤੇ ਉਹਨਾਂ ਨੂੰ ਪਰੰਪਰਿਕ ਵੇਸ਼ਭੂਸ਼ਾ ਪਾਣ, ਲੋਕਗੀਤ ਸੁਣਨ ਅਤੇ ਝੂਲਾ ਝੂਲਨ ਦਾ ਆਨੰਦ ਪ੍ਰਧਾਨ ਕਰਦਾ ਹੈ। ਇਸ ਮੌਕੇ ਤੇ ਵਿੰਗ ਇਨਚਾਰਜ ਭਾਰਤੀ ਸ਼ਰਮਾ ਅਤੇ ਨਵਜੀਤ ਕੌਰ ਨੇ ਵੀ ਬੱਚਿਆਂ ਨੂੰ ਤੀਜ ਦੀ ਵਧਾਈ ਦਿੱਤੀ। ਕਲਾਸ ਇੰਚਾਰਜ ਅਮਿਤਾ ਅਤੇ ਤਾਨੀਆ ਨੇ ਬੱਚਿਆ ਦੇ ਨਾਲ ਖੂਬ ਗਿੱਧਾ ਅਤੇ ਭੰਗੜਾ ਪਾਇਆ ।



# ਤੀਆਂ ਤੀਜ ਦੀਆਂ ਮੌਕੇ ਪਿੰਡ ਪੜੌਲ ਨਿਊ ਚੰਡੀਗੜ੍ਹ ਵਿਖੇ ਲੱਗੀਆਂ ਤ੍ਰਿਜਣਾ

## ਪਿੰਡ ਦੀਆਂ ਬਜ਼ੁਰਗ ਮਾਤਵਾਂ, ਨੂੰਹਾਂ ਤੇ ਧੀਆਂ ਨੇ ਰਲ ਮਿਲ ਪਾਈਆਂ ਪੀਂਘਾਂ

ਜੇ ਕੇ ਬੱਤਾ ਖਰੜ , ਅੱਜ ਪਿੰਡ ਪੜੌਲ ਨਿਊ ਚੰਡੀਗੜ੍ਹ ਵਿਖੇ ਤੀਆਂ ਤੀਜ ਦੀਆਂ ਮੌਕੇ ਪਿੰਡ ਦੀਆਂ ਔਰਤਾਂ ਵੱਲੋਂ ਤ੍ਰਿਜਣਾ ਸਜਾਈਆਂ ਗਈਆਂ। ਜਿਸ ਵਿੱਚ ਵਿਰਾਸਤੀ ਸਾਜ਼ੋ ਸਾਮਾਨ ਚਰਖਾ, ਮਧਾਣੀ, ਗਾਗਰ,ਘੜੇ,ਖੱਡੀਆਂ, ਪੱਖੀਆਂ,ਜਾਗੋ ਆਦਿ ਨਾਲ ਸਜਾਵਟ ਕੀਤੀ ਗਈ।ਇਸ ਮੌਕੇ ਪਿੰਡ ਦੀਆਂ ਕੁੜੀਆਂ, ਨੂੰਹਾਂ ਅਤੇ ਬਜ਼ੁਰਗ ਔਰਤਾਂ ਵੱਲੋਂ ਰਲ ਮਿਲ ਕੇ ਪੁਰਾਣੇ ਸੱਭਿਆਚਾਰਕ ਗੀਤ, ਬੋਲੀਆਂ, ਸਿੱਠਣੀਆਂ ਅਤੇ ਸੁਹਾਗ ਘੋੜੀਆਂ ਗਾਏ ਗਏ। ਸਾਰੀਆਂ ਹੀ ਇਕੱਤਰ ਹੋਈਆਂ ਔਰਤਾਂ ਵੱਲੋਂ ਰਲ ਮਿਲ ਕੇ ਪੀਂਘਾਂ ਪਾਈਆਂ ਗਈਆਂ। ਸਾਰੀਆਂ ਨੇ ਹੀ ਖੂਬ ਨੱਚ ਟੱਪ ਕੇ ਇਸ ਤੀਆਂ ਦੇ ਤਿਉਹਾਰ ਦਾ ਅਨੰਦ ਮਾਣਿਆ।ਇਸ ਤੋਂ ਇਲਾਵਾ ਨਵੀਂ ਉਮਰ ਦੀਆਂ ਕੁੜੀਆਂ ਵੱਲੋਂ ਡੀ ਜੇ ਤੇ ਆਪਣੀ ਪਸੰਦ ਦੇ ਗੀਤ ਲਗਵਾ ਕੇ ਭੰਗੜੇ ਪਾਏ ਗਏ।ਇਸ ਮੌਕੇ ਪਿੰਡ ਦੇ ਨੌਜਵਾਨ ਰਵਿੰਦਰ ਸਿੰਘ ਰਵੀ, ਨਰਿੰਦਰ ਸਿੰਘ ਬਾਜਵਾ, ਜਸਵੰਤ ਸਿੰਘ ਸਾਬਕਾ ਪੰਚ ਅਤੇ ਸਾਬਕਾ ਸਰਪੰਚ ਗੁਰਮੇਲ ਸਿੰਘ ਗੋਲੀ ਵੱਲੋਂ ਔਰਤਾਂ ਲਈ ਖਾਣ ਪੀਣ ਦੀਆਂ ਵਸਤਾਂ ਸਮੋਸੇ, ਗੋਲਗੱਪੇ ਅਤੇ ਕੋਲਡ ਡਰਿੰਕ ਆਦਿ ਦਾ ਪ੍ਰਬੰਧ ਕੀਤਾ ਗਿਆ।



# ਬਦਲੀਆਂ ਲਈ ਸਟੇਸ਼ਨ ਚੁਆਇਸ ਕਰਨ ਵਾਲੇ ਅਧਿਆਪਕ ਈ ਪੰਜਾਬ ਪੋਰਟਲ ਨਾ ਚੱਲਣ ਕਾਰਨ ਸਾਰਾ ਦਿਨ ਹੁੰਦੇ ਰਹੇ ਖੱਜਲ ਖੁਆਰ

## ਸਾਰੇ ਖ਼ਾਲੀ ਸਟੇਸ਼ਨ ਸ਼ੋਅ ਨਾ ਕਰਕੇ ਬਦਲੀ ਅਪਲਾਈ ਕਰਨ ਵਾਲੇ ਆਧਿਆਪਕਾਂ ਨਾਲ ਕੀਤਾ ਧੱਕਾ- ਨਵਪ੍ਰੀਤ ਬੱਲੀ / ਐਨ ਡੀ ਤਿਵਾੜੀ

ਜੇ ਕੇ ਬੱਤਾ ਖਰੜ, ਅਧਿਆਪਕਾਂ ਦੀਆਂ ਬਦਲੀਆਂ ਵਿੱਚ ਈ-ਪੰਜਾਬ ਪੋਰਟਲ ਨਾ ਚੱਲਣ ਕਾਰਨ ਸਿੱਖਿਆ ਵਿਭਾਗ ਅੱਜ ਪੂਰਾ ਦਿਨ ਸਵਾਲਾਂ ਦੇ ਘੇਰੇ ਵਿੱਚ ਰਿਹਾ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ, ਜਰਨਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ , ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਿਖਿਆ ਵਿਭਾਗ ਨੇ ਇੱਕ ਪੱਤਰ ਜਾਰੀ ਕਰਦਿਆਂ ਦਾਅਵਾ ਕੀਤਾ ਸੀ ਕਿ 5 ਅਤੇ 6 ਅਗਸਤ ਨੂੰ ਅਧਿਆਪਕ ਸਟੇਸ਼ਨ ਚੁਆਇਸ ਕਰਕੇ ਬਦਲੀ ਅਪਲਾਈ ਕਰ ਸਕਣਗੇ। ਪਿਛਲੇ ਮਹੀਨਿਆਂ ਤੋਂ ਸਟੇਸ਼ਨ ਚੁਆਇਸ ਦੀ ਉਡੀਕ ਕਰ ਰਹੇ ਅਧਿਆਪਕਾਂ ਲਈ ਸਿੱਖਿਆ ਵਿਭਾਗ ਖਾਲੀ ਸਾਰੇ ਸਟੇਸ਼ਨ ਸ਼ੋਅ ਨਹੀ ਕਰ ਰਿਹਾ। ਬਦਲੀਆਂ ਵਿੱਚ ਸਾਰੇ ਸਟੇਸ਼ਨ ਖਾਲੀ ਸਟੇਸ਼ਨ ਦਿਖਾਉਣ ਦੀ ਜਗ ?ਹਾ ਉਹ ਸਟੇਸ਼ਨ ਦਿਖਾਏ ਜਾ ਰਹੇ ਹਨ, ਜਿੱਥੇ ਪੋਸਟਾਂ ਨਹੀਂ ਹਨ । ਹੈਡ-ਟੀਚਰਾਂ ਨੂੰ ਬਦਲੀਆਂ ਵਿੱਚ ਸਟੇਸ਼ਨ ਚੁਆਇਸ ਲਈ ਸੈਂਟਰ ਸਕੂਲ ਸ਼ੋਅ ਹੋ ਰਹੇ ਹਨ ਜਦਕਿ ਸੈਂਟਰ ਸਕੂਲਾਂ ਵਿੱਚ ਸਿਰਫ ਸੀਐਚਟੀ ਦੀ ਪੋਸਟ ਹੁੰਦੀ ਹੈ ਹੈਡ-ਟੀਚਰ ਦੀ ਨਹੀਂ ਹੁੰਦੀ ਇਸ ਤਰ੍ਹਾਂ ਗਲਤ ਪੋਸਟਾਂ ਤੇ ਬਦਲੀ ਲਈ ਚੋਣ ਕਰਵਾਈ ਜਾ ਰਹੀ ਹੈ।



# ਕਬੱਡੀ ਅੰਡਰ 14 ਸਾਲ 'ਚ ਸਰਕਾਰੀ ਹਾਈ ਸਕੂਲ ਪੰਧੇਰ ਦੇ ਮੁੰਡੇ ਤੇ ਅੰਡਰ 17 'ਚ ਸਰਕਾਰੀ ਸੈਕੰਡਰੀ ਸਕੂਲ ਰਾਜੀਆ ਦੀਆਂ ਕੁੜੀਆਂ ਜੇਤੂ

ਧਨੌਲਾ, (ਲੋਕ ਬਾਣੀ) ਜੋਨ ਧਨੌਲਾ ਦੀਆਂ ਗਰਮ ਰੁੱਤ ਸਕੂਲ ਖੇਡਾਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਸੁਨੀਤਇੰਦਰ ਸਿੰਘ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ ਸਸਸਸ (ਮੁੰਡੇ) ਧਨੌਲਾ ਵਿਖੇ ਚੱਲ ਰਹੀਆਂ ਹਨ। ਦੂਜੇ ਦਿਨ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਬਰਨਾਲਾ ਸੁਨੀਤਇੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਨੇ ਖਿਡਾਰੀਆਂ ਦੇ ਜਜ਼ਬੇ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਖੇਡਾਂ ਰਾਹੀਂ ਵਿਅਕਤੀ ਦਾ ਸਰਵਪੱਖੀ ਵਿਕਾਸ ਹੁੰਦਾ ਹੈ, ਇਸ ਲਈ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਅੱਜ ਕਰਵਾਏ ਗਏ ਮੁਕਾਬਲਿਆਂ ਵਿੱਚ ਰੱਸਾਕਸੀ ਅੰਡਰ 17 (ਲੜਕੇ) ਵਿੱਚ ਸਸਸਸ ਬਡਬਰ ਨੇ ਪਹਿਲਾ ਤੇ ਅਕਾਲ ਅਕੈਡਮੀ ਰਾਜੀਆ ਨੇ ਦੂਜਾ, ਕਬੱਡੀ ਨੈਸ਼ਨਲ ਸਟਾਇਲ (ਕੁੜੀਆਂ) ਅੰਡਰ 17 ਵਿੱਚ ਸਸਸਸ ਰਾਜੀਆ ਤੇ ਲੜਕਿਆਂ ਵਿੱਚ ਸਹਸ ਦਾਨਗੜ੍ਹ ਨੇ ਪਹਿਲਾ, ਅੰਡਰ 14 ਲੜਕੇ ਵਿੱਚ ਸਹਸ ਪੰਧੇਰ ਨੇ ਪਹਿਲਾ, ਚੈੱਸ ਅੰਡਰ 14 ਤੇ 17 ਵਿੱਚ ਮੁੰਡੇ ਤੇ ਕੁੜੀਆਂ ਵਿੱਚ ਸੈਕਰਡ ਹਾਰਟ ਬਰਨਾਲਾ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਡੀ.ਐਮ. ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ, ਸਕੂਲ ਇੰਚਾਰਜ਼ ਉਰਵਸ਼ੀ ਗੁਪਤਾ, ਬਲਜਿੰਦਰ ਸਿੰਘ, ਰਜਿੰਦਰ ਸਿੰਘ ਮੂਲੋਵਾਲ, ਪਰਮਜੀਤ ਕੌਰ, ਗਗਨਜੀਤ, ਰਾਜਵਿੰਦਰ ਕੌਰ, ਮਨਦੀਪ ਕੌਰ, ਕਮਲਪ੍ਰੀਤ ਕੌਰ, ਰਵਿੰਦਰ ਕੌਰ, ਹਰਭਜਨ ਸਿੰਘ, ਗੁਰਚਰਨ ਬੇਦੀ, ਮਨਦੀਪ ਸਿੰਘ, ਬਰਕਾਰ ਸਿੰਘ ਸਮੇਤ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਮੌਜੂਦ ਸਨ।



# ਐਸਡੀਐਮ ਫਾਜਿਲਕਾ ਅਧਿਕਾਰੀਆਂ ਤੇ ਨੁਮਾਇੰਦਿਆਂ ਨੂੰ ਨਾਲ ਲੈ ਪਹੁੰਚੇ ਸਾਬੂਆਣਾ, ਬਾਰੇਕਾ ਤੇ ਲੱਖੇਵਾਲੀ ਢਾਬ

## ਜਲ ਨਿਕਾਸੀ ਕਾਰਜਾਂ ਦਾ ਲਿਆ ਜਾਇਜਾ, ਕਿਸਾਨਾਂ ਨਾਲ ਵੀ ਕੀਤੀ ਗੱਲਬਾਤ

ਫਾਜ਼ਿਲਕਾ (ਲੋਕ ਬਾਣੀ)-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤੇ ਐਸਡੀਐਮ ਫਾਜ਼ਿਲਕਾ ਮੈਡਮ ਵੀਰਪਾਲ ਕੌਰ ਲਗਾਤਾਰ ਪਿੰਡਾਂ ਵਿਚ ਜਾ ਕੇ ਬਾਰਿਸ਼ਾਂ ਕਰਕੇ ਪੈਦਾ ਹੋਈ ਸਥਿਤੀ ਦਾ ਜਾਇਜਾ ਲੈ ਕੇ ਰਹੇ ਹਨ ਤੇ ਜਲ ਨਿਕਾਸੀ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਤਾਂ ਜੋ ਜਲਦ ਤੋਂ ਜਲਦ ਸਥਿਤੀ ਨੂੰ ਕਾਬੂ ਪਾਇਆ ਜਾ ਸਕੇ। ਇਸ ਮੌਕੇ ਵਿਧਾਇਕ ਫਾਜਿਲਕਾ ਦੇ ਪਿਤਾ ਖਜਾਨ ਸਿੰਘ, ਚੇਅਰਮੈਨ ਪਰਮਜੀਤ ਸਿੰਘ ਨੂਰਸ਼ਾਹ ਤੇ ਉਨ੍ਹਾਂ ਦੀ ਟੀਮ ਨਾਲ ਮੌਜੂਦ ਸੀ। ਪਿੰਡ ਸਾਬੂਆਣਾ, ਲੱਖੇ ਵਾਲੀ ਢਾਬ, ਬਾਰੇਕਾ ਅਤੇ ਹੋਰ ਪਿੰਡਾਂ ਵਿੱਚ ਦੌਰੇ ਦੌਰਾਨ ਐਸ.ਡੀ.ਐਮ. ਨੇ ਕਿਹਾ ਕਿ ਡਰੇਨਜ ਵਿਭਾਗ ਦੀਆਂ ਟੀਮਾਂ ਲਗਾਤਾਰ ਪਾਣੀ ਕੱਢਣ ਦਾ ਕਾਰਜ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਥਿਤੀ ਨੂੰ ਆਮ ਵਾਂਗ ਕਰਨ ਲਈ ਪ੍ਰਸ਼ਾਸਨ ਲਗਾਤਾਰ ਉਪਰਾਲੇ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਨਹਿਰਾਂ ਵਿਚ ਪਾਣੀ ਦੀ ਸਪਲਾਈ ਵੀ ਪਿਛੋ ਰੋਕ ਦਿੱਤੀ ਗਈ ਹੈ ਤਾਂ ਜੋ ਪਹਿਲਾਂ ਖੜੇ ਪਾਣੀ ਦੀ ਨਿਕਾਸੀ ਹੋ ਸਕੇ।



# ਯੁੱਧ ਨਸ਼ਿਆਂ ਵਿਰੁੱਧ; ਕਮਿਸ਼ਨਰੇਟ ਪੁਲਿਸ ਜਲੰਧਰ ਵਲੋਂ 8 ਗ੍ਰਿਫਤਾਰ, 65.54 ਗ੍ਰਾਮ ਹੈਰੋਇਨ ਬਰਾਮਦ

ਜਲੰਧਰ, (ਲੋਕ ਬਾਣੀ)-ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰੀ ਨਾਲ ਜੁੜੇ 8 ਵਿਅਕਤੀਆਂ ਨੂੰ ਗ੍ਰਿਫਤਾਰ ਕਰਦੇ ਹੋਏ 65.54 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਲਾਕੇ ਵਿਚ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਅਤੇ ਨਸ਼ਿਆਂ ਦੇ ਗੈਰਕਾਨੂੰਨੀ ਨੈੱਟਵਰਕ ਨੂੰ ਤੋੜਨ ਲਈ ਕਮਿਸ਼ਨਰੇਟ ਪੁਲਿਸ ਜਲੰਧਰ ਦੀ ਇਹ ਵੱਡੀ ਕਾਰਵਾਈ ਹੈ। ਇਸ ਸਬੰਧੀ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਕਮਿਸ਼ਨਰੇਟ ਪੁਲਿਸ ਵਲੋਂ ਨਸ਼ਿਆਂ ਦੇ ਨੈੱਟਵਰਕ ਵਿਰੁੱਧ ਦਿਨ ਪ੍ਰਤੀ ਦਿਨ ਕਾਰਵਾਈ ਤੇਜ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਨਸ਼ਿਆਂ ਖਿਲਾਫ ਕੀਤੀ ਗਈ ਕਾਰਵਾਈ ਦੌਰਾਨ ਪੁਲਿਸ ਨੇ 8 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ 4 ਅਜਿਹੇ ਵਿਅਕਤੀ ਹਨ ਜੋ ਪਹਿਲਾਂ ਵੀ ਨਸ਼ਾ ਤਸਕਰੀ ਦੇ ਨੈਟਵਰਕ ਨਾਲ ਜੁੜੇ ਰਹੇ ਹਨ। ਇਨ੍ਹਾਂ ਗ੍ਰਿਫਤਾਰੀਆਂ ਦੇ ਨਤੀਜੇ ਵਜੋਂ ਐਨ.ਡੀ.ਪੀ.ਐਸ ਐਕਟ ਅਧੀਨ 8 ਮਕੱਦਮੇ ਦਰਜ ਕੀਤੇ ਗਏ ਹਨ ਅਤੇ ਕੁੱਲ 65.54 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸ ਦੇ ਨਾਲ ਹੀ ਪੁਨਰਵਾਸ ਲਈ 4 ਨਸ਼ੇ ਦੇ ਆਦੀ ਵਿਅਕਤੀਆਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰ ਭੇਜਿਆ ਗਿਆ ਹੈ, ਜਿਸ ਨਾਲ ਉਹਨਾਂ ਨੂੰ ਆਪਣੀ ਜ਼ਿੰਦਗੀ ਮੁੜ ਸੰਵਾਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਲੰਧਰ ਨੂੰ ਸੁਰੱਖਿਅਤ ਅਤੇ ਨਸ਼ਾ-ਮੁਕਤ ਸ਼ਹਿਰ ਬਣਾਉਣ ਲਈ ਕਮਿਸ਼ਨਰੇਟ ਪੁਲਿਸ ਵਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।



# ਨਗਰ ਨਿਗਮ ਵਧੀਕ ਕਮਿਸ਼ਨਰ ਦੀ ਹੋਈ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਟਰੇਡ ਲਾਇਸੈਂਸ ਨਾ ਬਣਾਉਣ,ਸਿੰਗਲ ਯੂਜ਼ ਪਲਾਸਟਿਕ ਦੀ ਵਰਤੋ ਅਤੇ ਖਾਲੀ ਪਲਾਟਾਂ ਵਿੱਚ ਪਈ ਗੰਦਗੀ ਦੀ ਸਫਾਈ ਲਈ ਦਿਤੀਆਂ ਹਦਾਇਤਾਂ**

ਅੰਮ੍ਰਿਤਸਰ (ਲੋਕ ਬਾਣੀ)- ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾ ਤੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵਲੋਂ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਮੀਟਿੰਗ ਦੌਰਾਨ ਵਧੀਕ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਟਰੇਡ ਲਾਇਸੈਂਸ ਨਾ ਬਣਾਉਣ,ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਅਤੇ ਖਾਲੀ ਪਲਾਟਾਂ ਵਿੱਚ ਪਈ ਗੰਦਗੀ ਦੀ ਸਫਾਈ ਲਈ ਵੱਧ ਤੋ ਵੱਧ ਚਲਾਨ ਕਰਨ ਦੀਆ ਹਦਾਇਤਾ ਕੀਤੀਆਂ । ਵਧੀਕ ਕਮਿਸ਼ਨਰ ਨੇ ਕਿਹਾ ਕਿ ਸ਼ਹਿਰ ਵਿੱਚ ਭਾਰੀ ਗਿਣਤੀ ਵਿੱਚ ਵਪਾਰਕ ਸੰਸਥਾਨ ਹਨ ਪਰ ਉਹਨਾਂ ਵਿੱਚ ਕੁਝ ਹੀ ਵਪਾਰਕ ਅਦਾਰਿਆਂ ਵਲੋਂ ਟਰੇਡ ਲਾਇਸੈਂਸ ਬਣਾਏ ਹੋਏ ਹਨ ਜਿਸ ਨਾਲ ਨਿਗਮ ਨੂੰ ਬਹੁਤ ਹੀ ਜਿਆਦਾ ਵਿਤੀ ਨੁਕਸਾਨ ਹੋ ਰਿਹਾ ਹੈ ਉਹਨਾਂ ਹਦਾਇਤ ਕੀਤੀ ਕਿ ਹਰ ਇਕ ਸੈਂਟਰੀ ਇੰਸਪੈਕਟਰ ਆਪਣੇ-2 ਇਲਾਕੇ ਵਿੱਚ ਸਰਵੇ ਕਰਕੇ ਜਿੰਨਾ ਅਦਾਰਿਆਂ ਵਲੋਂ ਟਰੇਡ ਲਾਇਸੈਂਸ




ਨਹੀ ਬਣਾਏ ਗਏ ਹਨ ਉਹਨਾਂ ਨੂੰ ਚਲਾਣ ਜਾਰੀ ਕਰਨ ਅਤੇ ਲਾਇਸੈਂਸ ਬਣਾਉਣ ਲਈ ਵੱਧ-ਤੋ ਵੱਧ ਜਾਗਰੂਕ ਕੀਤਾ ਜਾਵੇ ।

# ਡੇਂਗੂ, ਮਲੇਰੀਆ, ਚਿਕਨਗੁਨੀਆ ਦੀ ਰੋਕਥਾਮ ਲਈ ਡਿਪਟੀ ਕਮਿਸ਼ਨਰ ਵੱਲੋਂ ਬਿਮਾਰੀਆਂ ਪੱਖੋਂ ਸੰਵੇਦਨਸ਼ੀਲ ਸਥਾਨਾਂ ਦੀ ਪਛਾਣ ਕਰਨ ਦੇ ਹੁਕਮ

**ਸੰਵੇਦਨਸ਼ੀਲ ਇਲਾਕਿਆਂ 'ਚ ਕਾਰਵਾਈ ਤੇਜ਼ ਕਰਨ ਦਾ ਸੱਦਾ**

ਜਲੰਧਰ, (ਲੋਕ ਬਾਣੀ)- ਪਾਣੀ ਅਤੇ ਮੱਛਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਿਹਤ ਵਿਭਾਗ ਨੂੰ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਦੇ ਹਾਟਸਪਾਟਸ ਦੀ ਪਛਾਣ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਉਥੇ ਲੋੜੀਂਦੇ ਉਪਾਅ ਕੀਤੇ ਜਾ ਸਕਣ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਾ. ਅਗਰਵਾਲ ਨੇ ਬਹੁ-ਵਿਭਾਗੀ ਬਿਹਤਰ ਤਾਲਮੇਲ ਵਾਲੀ ਪਹੁੰਚ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਖਾਸ ਕਰ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਅਜਿਹੀਆਂ ਬਿਮਾਰੀਆਂ ਦੇ ਮਾਮਲੇ ਅਕਸਰ ਸਾਹਮਣੇ ਆਉਂਦੇ ਹਨ। ਉਨ੍ਹਾਂ ਬਿਮਾਰੀ ਦੇ ਸੰਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ



ਰੋਕਣ ਦੇ ਨਾਲ-ਨਾਲ ਪਹੁੰਚਯੋਗ ਸਿਹਤ ਸੰਭਾਲ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀ ਵਚਨਬੱਧਤਾ ਵੀ ਦੁਹਰਾਈ। ਡਿਪਟੀ ਕਮਿਸ਼ਨਰ ਨੇ ਸਮੂਹ ਐਸ.ਡੀ.ਐਮਜ਼ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਬਿਮਾਰੀਆਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਯਤਨਾਂ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਕਰਨ ਅਤੇ ਬਿਮਾਰੀ ਫੈਲਣ ਦੀ ਸੂਰਤ ਵਿੱਚ ਇਸ ਦੇ ਢੁੱਕਵੇਂ ਪ੍ਰਬੰਧਨ ਲਈ ਬਹੁ-ਪੱਖੀ ਰਣਨੀਤੀ ਅਪਣਾਉਣ ਦੀ ਹਦਾਇਤ ਕੀਤੀ।

# ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ ਰੌਣੀ ਵਿੱਖੇ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਆਯੋਜਿਤ

**ਲੋਕ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ - ਇੰਚਾਰਜ ਨਿਤਿਨ ਵਰਮਾ**

ਪਟਿਆਲਾ (ਲੋਕ ਬਾਣੀ)- ਮਾਣਯੋਗ ਅਮਨਦੀਪ ਕੰਬੋਜ ਚੀਫ਼ ਜੁਡੀਸਅਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਸਰਪ੍ਰਸਤੀ ਅਧੀਨ ਸਿੱਖਿਆ ਵਿਭਾਗ, ਜ਼ਿਲ੍ਹਾ ਸਾਂਝ ਕੇਂਦਰ, ਗੈਰ ਸਰਕਾਰੀ ਸੰਸਥਾਂ ਸੋਸ਼ਲ ਅਵੇਰਨੈੱਸ ਟ?ਰੈਡਜ਼ ਹੁੱਕ (ਸਾਥ) ਪਟਿਆਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇੱਕ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਸਰਕਾਰੀ ਐਲੀਮੈਂਟਰੀ ਸਕੂਲ ਰੌਣੀ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਤੇ ਮੋਟੀਵੇਸਨਲ ਸਪੀਕਰ ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਪ੍ਰਬੰਧਕ ਕਮੇਟੀ ਮੈਂਬਰਾਂ ਤੇ? ਮਿਡ - ਡੇ ਮੀਲ ਵਰਕਰਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ, ਲੋਕ




ਅਦਾਲਤਾਂ ਦੇ ਲਾਭ ਬਾਰੇ ਦੱਸਿਆ। ਓਹਨਾਂ ਨੇ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ,ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ,ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ,ਟੋਲ ਫ?ਰੀ ਨੰਬਰ 15100 ਅਤੇ 13 ਸਤੰਬਰ ਨੂੰ ਜ਼ਿਲ੍ਹਾ ਕਚਹਿਰੀਆਂ ਪਟਿਆਲਾ ਅਤੇ ਸਬ ਡਵੀਜਨਾਂ ਨਾਭਾ,ਰਾਜਪੁਰਾ ਤੇ ਸਮਾਣਾ ਵਿਖੇ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ।

# ਰੁਪੇਸ ਕੁਮਾਰ ਬਿੱਟੂ ਨੇ 'ਆਪ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਦੇ ਜੋਬਨ ਰੰਧਾਵਾ ਚੇਅਰਮੈਨ ਪਲਾਇੰਗ ਬੋਰਡ ਬਨਣ ਤੇ ਵਧਾਈ ਦਿੱਤੀ

**ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ - ਰੁਪੇਸ ਕੁਮਾਰ ਬਿੱਟੂ**

ਗੁਰਦਾਸਪੁਰ: ( ਜਸਵਿੰਦਰ ਸਿੰਘ )ਆਮ ਆਦਮੀ ਪਾਰਟੀ ਨੇ ਗੁਰਦਾਸਪੁਰ ਦੇ ਜੋਬਨ ਰੰਧਾਵਾ ਨੂੰ ਆਮ ਆਦਮੀ ਪਾਰਟੀ ਗੁਰਦਾਸਪੁਰ ਦਾ ਚੇਅਰਮੈਨ ਪਲਾਨਿੰਗ ਬੋਰਡ ਨਿਯੁਕਤ ਕੀਤਾ ਇਸ ਮੌਕੇ ਤੇ ਰੁਪੇਸ ਕੁਮਾਰ ਬਿੱਟੂ ਸੈਕਟਰੀ ਵਪਾਰ ਮੰਡਲ ਗੁਰਦਾਸਪੁਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅ ਰ ਵਿ ੰ ਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਮੁਖਦੇਵ ਸਿੰਘ ਆਲੋਵਾਲ, ਚੇਅਰਮੈਨ ਰਾਜੀਵ ਸ਼ਰਮਾ, ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਰੁਪੇਸ ਕੁਮਾਰ ਨੇ



ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ

# 4000 ਲੀਟਰ ਲਾਹਣ ਬਰਾਮਦ, ਨਸ਼ਾ ਤਸਕਰਾਂ ਨੂੰ ਫੜਨ ਚ ਐਕਸਾਇਜ ਟੀਮ ਹੋਈ ਸਖ਼ਤ -ਜੀ ਐਮ ਗੁਰਪ੍ਰੀਤ ਸਿੰਘ ਗੋਪੀ

ਅੰਮ੍ਰਿਤਸਰ, (ਲੋਕ ਬਾਣੀ)-ਅੱਜ ਸਹਾਇਕ ਆਬਕਾਰੀ ਕਮਿਸ਼ਨਰ ਮਹੇਸ਼ ਗੁਪਤਾ ਦੀਆਂ ਹਦਾਇਤਾਂ ਅਨੁਸਾਰ ਈ ਟੀ ਓ ਲਲਿਤ ਕੁਮਾਰ ਅਤੇ sho ਅਜਨਾਲਾ ਹਰਚੰਦ ਸਿੰਘ ਦੀ ਅਗਵਾਈ ਹੇਠ ਆਕਸਾਈਜ ਇੰਸਪੈਕਟਰ ਜਗਦੀਪ ਕੌਰ ਸਮੇਤ ਪੁਲਿਸ ਪਾਰਟੀ ਨਾਲ ਸਰਕਲ ਅਜਨਾਲਾ ਦੇ ਪਿੰਡ ਨੰਗਲ ਵੰਝਾ ਵਾਲਾ ਵਿੱਚ ਸਰਚ ਅਪ੍ਰੇਸ਼ਨ ਚਲਾਇਆ ਜਿਸ ਸਰਚ ਦੌਰਾਨ ਪਿੰਡ ਨਾਲ ਪੈਂਦੀ ਸੱਕੀ ਚੋਂ ਕਰੀਬ 9 ਕਿੱਟਾ ਪਲਾਸਟਿਕ 6 ਤਰਪਾਲਾਂ ਅਤੇ 1 ਡਰੰਮ ਲੋਹਾ ਚੋਂ ਕਰੀਬ 4000 ਲੀਟਰ ਲਾਹਣ ਬਰਾਮਦ ਕੀਤੀ ਜਿਸ ਨੂੰ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਮੌਕੇ ਤੇ ਨਸ਼ਟ ਕੀਤਾ ਗਿਆ। ਇਸ ਮੌਕੇ ਆਕਸਾਈਜ ਇੰਸਪੈਕਟਰ ਜਗਦੀਪ ਕੌਰ ਨੇ ਕਿਹਾ ਕੇ ਨਜਾਇਜ਼ ਸ਼ਰਾਬ ਦੀ ਕਸ਼ੀਦ ਕਰਨ ਵਾਲੇ ਤਸਕਰ ਬਾਜ਼ ਆ ਜਾਣ ਨਹੀਂ ਤਾਂ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ।ਇਸ ਮੌਕੇ ਜੀ ਐਮ ਗੁਰਪ੍ਰੀਤ ਸਿੰਘ,ਦਿਆਲ ਸਿੰਘ, ਰਵੀ ਸ਼ਰਮਾ ਅਤੇ ਸਰਕਲ ਇੰਚਾਰਜ ਮਾਣਾ,ਸਾਬਾ, ਸੋਨੂੰ ਵਿਛੋਆ,ਲਾਲੀ, ਸੁੱਖਾ ,ਗੂਰੀ ਆਦਿ ਹਾਜ਼ਰ ਸਨ ।



# ਆਪ ਸਰਕਾਰ ਦੇ ਕੰਮਾਂ ਦੀ ਲਿਸਟ ਲੋਕਾਂ ਨੂੰ ਜਗੂਰਿਤ ਕਰਨ ਲਈ : ਮੁਖਦੇਵ ਸਿੰਘ ਆਲੋਵਾਲ

ਗੁਰਦਾਸਪੁਰ ( ਜਸਵਿੰਦਰ ਸਿੰਘ )- -ਆਪ ਦੇ ਕੰਮਾਂ ਦੀ ਲਿਸਟ: ਜੋ ਕੰਮ ਹੋਏ, ਉਹ ਧਿਆਨ ਨਾਲ ਸੁਣੋ :- ਜੇ ਕੋਈ ਨਹੀ ਹੋਇਆ ਤਾਂ ਵੀ ਦੱਸੋ : ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਨਚਾਰਜ ਗੁਰਦਾਸਪੁਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਆਪ ਸਰਕਾਰ ਦੀ ਨੀਤੀਆ ਅਤੇ ਕੰਮਾਂ ਬਾਰੇ ਦੱਸਿਆ -1- 600 ਯੂਨਿਟ ਮਾਫ, 70% ਲੋਕਾਂ ਨੂੰ ਜ਼ੀਰੋ ਬਿੱਲ - 2 - 881 ਮੁਹੱਲਾ ਕਲੀਨਿਕ - 3- ਸੜਕ ਸੁਰੱਖਿਆ ਫੋਰਸ - 4- 17 ਟੋਲ ਪਲਾਜ਼ੇ ਬੰਦ -5- ਸਾਰੇ $*1 ਦੀਆਂ ਪੈਨਸ਼ਨਾਂ ਘਟਾਕੇ, 1 ਕੀਤੀ - 6- ਕਿਸਾਨਾਂ ਨੂੰ ਬਿਜਾਈ ਟਾਇਮ ਬਿਜਲੀ ਦੀ ਕਮੀ ਨੀ ਆਉਣ ਦਿੱਤੀ -7- ਸੂਏ ਕੱਸੀਆਂ ਜਿਹੜੀਆਂ ਚਿਰਾਂ ਤੋਂ ਬੰਦ ਪਈਆਂ ਸੀ, ਉਹਨਾਂ ਚ ਘਾਹ ਉੱਗਿਆ ਪਿਆ ਸੀ, ਸਰਕਾਰ ਨੇ, ਸਾਫ ਕਰਵਾਕੇ, ਤੇ ਪੱਕੇ ਕਰਵਾਕੇ ਸੂਏ ਕੱਸੀਆਂ ਚਲਦੇ ਕੀਤੇ, ਤੇ ਲਗਾਤਾਰ ਨਹਿਰੀ ਪਾਣੀ ਦਿੱਤਾ -8- 52000 ਸਰਕਾਰੀ ਨੌਕਰੀਆਂ -9- ਇੱਕ ਨਵਾਂ ਥਰਮਲ ਪਲਾਂਟ ਖਰੀਦਿਆ-10- ਸ਼ਹੀਦ ਫੌਜੀਆਂ ਨੂੰ, 1 ਕਰੋੜ ਰੁਪਏ ਦਿੱਤੇ -11-ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦਿਨੇ ਬਿਜਲੀ ਸਪਲਾਈ-12-ਮੰਡੀਆਂ ਦੇ ਵਧੀਆਂ ਖਰੀਦ



ਪ?ਬੰਧ -13-ਪਹਿਲੀ ਵਾਰ ਹੋਇਆ ਭਗਵੰਤ ਮਾਨ ਜੀ ਦੀ ਸਰਕਾਰ ਵੱਲੋਂ ਕਿਸਾਨਾਂ ਦੇ ਖਾਤੇ ਚ ਸਿੱਧੀ ਅਦਾਇਗੀਆਂ, -14- ਖਿਡਾਰੀਆਂ ਨੂੰ ਖਾਸ ਇਨਾਮ,ਉਲੰਪਿਅਨ ਮੈਡਲ ਲਿਆਉਣ ਵਾਲੇ ਖਿਡਾਰੀ ਨੂੰ ਇੱਕ ਕਰੋੜ, ਡੀ ਐਸ ਪੀ ਰੈਂਕ ਨਾਲ,,ਜਾਂ ਐਸ ਡੀ ਐਮ ਦੇ ਨਿਯੁਕਤੀ ਪੱਤਰ,-15- ਇੰਡੀਆ ਚ ਮੈਡਲ ਲਿਆਉਣ ਵਾਲੇ ਨੂੰ, 5 ਲੱਖ ਨਾਲ ਨੌਕਰੀਆ ਪੱਕੀਆਂ -16- ਮਕਾਨਾਂ ਦੇ ਨਕਸ਼ੇ ਪਾਸ ਕਰਵਾਉਣੇ ਸੌਖੇ ਕੀਤੇ-17- ਪੰਜਾਬੀ ਲਿਖਣੀ ਲਾਜ਼ਮੀ ਕੀਤੀ-18- ਰਿਸ਼ਵਤ ਖੋਰੀ ਨੂੰ ਨੱਥ ਪਾਈ-19- ਜ਼ਮੀਨਾਂ ਤੇ ਨਜਾਇਜ਼ ਕਬਜੇ ਹਟਾਏ-20- ਸਰਕਾਰੀ ਦਫਤਰਾਂ ਚ' ਮੋਬਾਈਲ ਫੋਨ ਲਿਜਾਣ ਤੇ ਪਾਬੰਦੀ ਹਟਾਈ -21- ਕੋਈ ਨਵਾਂ ਟੈਕਸ ਨਹੀਂ ਲਾਇਆ-22- ਕਿਸਾਨਾਂ ਨੂੰ ਸਾਰੀ ਬਿਜਲੀ ਸਪਲਾਈ ਦਿਨ ਵੇਲੇ ਕੀਤੀ-23- ਨਵੀਆਂ 205 ਬੱਸਾਂ ਲੜਕੀਆਂ ਸਕੂਲ ਵਿਦਿਆਰਥੀਆਂ ਲਈ-24- ਪੰਜਾਬ ਵਿਧਾਨ ਸਭਾ ਦੀ ਕਾਰਵਾਈ ਨੂੰ ਲਾਈਵ ਦਿਖਾਉਣਾ ਸ਼ੁਰੂ -25- ਪ੍ਰਾਪਰਟੀ ਦੀ ਰਜਿਸਟਰੇਸ਼ਨ ਕੀਤੀ ਆਨ ਲਾਈਨ - 26- ਵਸੀਕਾ ਨਵੀਸਾਂ ਦੀ ਦਲਾਲੀ ਦਾ ਕੰਮ ਦਾ ਅੰਤ- 27- ਵਸੀਕਾ ਨਵੀਸਾਂ ਦੀ ਲੁੱਟ ਖਤਮ-28- ਬਿਜ਼ਨਸ ਸ਼ੁਰੂ ਕਰਨ ਲਈ 45 ਦਿਨਾਂ ਵਿੱਚ ਆਟੋਮੈਟਿਕ ਮਨਜ਼ੂਰੀ -29- ਰਜਿਸਟਰੀਆਂ ਦੀ ਭਾਸ਼ਾ ਸੌਖੀ ਕਰਤੀ-30- ਕਿਸਾਨਾਂ ਨੂੰ ਬਿਜਲੀ ਦਿਨ ਵੇਲੇ ਦੇਣ ਦਾ ਪ੍ਰਬੰਧ ਕੀਤਾ -31- ਹਰੇਕ- ਪਰਿਵਾਰ ਦਾ ?? ਲੱਖ ਦਾ ਬੀਮਾ ਯੋਜਨਾ ਸ਼ੁਰੂ -32-ਧਰਤੀ ਹੇਠਲੇ ਪਾਣੀ ਦਾ ਰੀਚਾਰਜ ਕਰਨ ਦੇ ਪ੍ਰਬੰਧ ਕੀਤੇ ਗਏ ਪਿਛਲੀਆਂ ਸਰਕਾਰਾਂ ਜੋ ਕੰਮ ਹੋਏ ਉਹ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਤੇ ਆਮ ਆਦਮੀ ਪਾਰਟੀ ਕੰਮਾਂ ਬਾਰੇ ਤੁਹਾਨੂੰ ਦੱਸ ਦਿੱਤਾ ਹਾਲੇ 2 ਸਾਲ ਬਾਕੀ ਨੇ ਤੇ ਦੇਖੋ ਕੀ ਕੀ ਆਮ ਲੋਕਾਂ ਲਈ ਸਹੂਲਤਾਂ ਦੀ ਝੜੀ ਲਗਦੀ

# ਘਿਉ ਮੰਡੀ ਚੌਂਕ,ਸ਼ੇਰਾ ਵਾਲਾ ਗੇਟ,ਮਾਹਨਾ ਸਿੰਘ ਗੇਟ ਅਤੇ ਬੱਸ ਸਟੈਂਡ ਦੇ ਆਲੇ-ਦੁਆਲੇ ਕਰਵਾਈ ਸਫਾਈ

ਅੰਮ੍ਰਿਤਸਰ (ਲੋਕ ਬਾਣੀ)- ਨਗਰ ਨਿਗਮ ਅੰਮ੍ਰਿਤਸਰ ਦੇ ਵੱਖ-2 ਵਿਭਾਗਾਂ ਵਲੋਂ ਨਿਗਮ ਅਭਿਆਨ ਦੇ 9 ਦਿਨ ਵੀ ਘਿਉ ਮੰਡੀ ਚੌਂਕ,ਸ਼ੇਰਾ ਵਾਲਾ ਗੇਟ,ਮਾਹਨ ਸਿੰਘ ਗੇਟ ਅਤੇ ਬੱਸ ਸਟੈਂਡ ਦੇ ਆਲੇ-ਦੁਆਲੇ ਕਾਰਵਾਈਆਂ ਕੀਤੀਆ ਗਈਆਂ। ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾ ਦੇ ਚਲਦਿਆਂ ਨਿਗਮ ਵਲੋਂ ਅੰਮ੍ਰਿਤਸਰ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਸੁੰਦਰੀਕਰਨ ਅਤੇ ਰੱਖ-ਰਖਾਵ ਲਈ ਇਕ ਵਿਸੇਸ਼ ਅਭਿਆਨ ਗੋਲਡਨ ਗੇਟ ਤੋ ਸ੍ਰੀ ਦਰਬਾਰ ਸਾਹਿਬ ਤੱਕ ਡੇਰਾ ਬਾਬਾ ਭੂਰੀ ਵਾਲਿਆਂ ਦੇ ਨਾਲ ਮਿਲ ਕੇ ਚਲਾਇਆ ਗਿਆ ਸੀ ਜਿਸ ਵਿੱਚ ਨਿਗਮ ਦੇ ਸਿਵਲ,ਓ ਐਂਡ ਐਮ ਵਿਭਾਗ,ਅਸਟੇਟ ਵਿਭਾਗ,ਵਿਗਿਆਪਨ ਵਿਭਾਗ,ਬਾਗਬਾਨੀ ਵਿਭਾਗ ਅਤੇ ਸਟਰੀਟ ਲਾਈਟ ਵਿੰਗ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ। ਅਭਿਆਨ ਦੌਰਾਨ ਕਮਿਸ਼ਨਰ ਵਲੋਂ ਸ਼ਹਿਰ ਦੀਆਂ ਪ੍ਰਮੁਖ ਸਮਾਜਸੇਵੀ , ਵਪਾਰਕ , ਧਾਰਮਿਕ ਅਤੇ ਰਿਹਾਇਸ਼ੀ ਵੈਲਫੇਅਰ ਅਸੋਸੀਏਸ਼ਨ ਨੂੰ ਇਸ ਅਭਿਆਨ ਅਤੇ ਸ਼ਹਿਰ ਦੀ ਸੁੰਦਰਤਾ ਨੂੰ ਬਣਾਉਣ ਲਈ ਆਪਣਾ ਯੋਗਦਾਨ ਪਾਉਣ ਲਈ ਅਪੀਲ ਕੀਤੀ ਸੀ ਜਿਸ ਦੇ ਸਿਟੇ ਵਜੋਂ ਫੋਕਲ ਪੁਆਇੰਟ ਇੰਡਸਟਰੀਅਲ ਵੈਲਫੇਅਰ ਐਸੋਸੀਏਸ਼ਨ , ਫਿਨਿਲੁਪ ਐਸੋਸੀਏਸ਼ਨ , ਨਿਊ ਅੰਮ੍ਰਿਤਸਰ ਰਿਹਾਇਸ਼ੀ ਵੈਲਫੇਅਰ ਅਸੋਸੀਏਸ਼ਨ,ਇਕ ਜੋਤ ਲੰਗਰ ਸੇਵਾ ਸੋਸਾਇਟੀ,ਮਕਬੂਲਪੁਰਾ ਮਹਿਤਾ ਚੌਂਕ ਰੋਡ ਵੈਲਫੇਅਰ ਸੋਸਾਇਟੀ,ਸਿਟੀ ਸੈਂਟਰ ਹੋਟਲ ਐਸੋਸੀਏਸ਼ਨ ਬੜੇ ਹੀ ਵਡੇ ਪੱਧਰ ਤੇ ਆਪਣਾ ਯੋਗਦਾਨ ਪਾਇਆ ਗਿਆ ਹੈ ਇਸ ਅਭਿਆਨ ਵਿੱਚ ਇਲਾਕਾ ਕੌਂਸਲਰ ਸਹਿਬਾਨ ਵੀ ਨਗਰ ਨਿਗਮ ਦੇ ਇਸ ਕੰਮ ਵਿੱਚ ਭਰਪੂਰ ਸਹਿਯੋਗ ਕਰ ਰਹੇ ਹਨ । ਸ਼ਹਿਰਵਾਸੀਆਂ ਵਲੋਂ ਨਗਰ ਨਿਗਮ ਦੇ ਇਸ ਉਪਰਾਲੇ ਦੀ ਬੜੀ ਸਲਾਘਾ ਕੀਤੀ ਜਾ ਰਹੀ ਹੈ ।



# ਜੋਬਨ ਰੰਧਾਵਾ ਜਿਲ੍ਹਾ ਪਲੇਨਿੰਗ ਬੋਰਡ ਦੇ ਚੇਅਰਮੈਨ ਨਿਯੁਕਤ

## ਜੋਬਨ ਰੰਧਾਵਾ ਨੇ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਕੀਤਾ ਧੰਨਵਾਦ

ਗੁਰਦਾਸਪੁਰ ( ਜਸਵਿੰਦਰ ਸਿੰਘ ) - ਆਮ ਆਦਮੀ ਪਾਰਟੀ ਵਲੋਂ ਜੋਬਨ ਰੰਧਾਵਾ ਨੂੰ ਇਕ ਹੋਰ ਵੱਡੀ ਜਿੰਮੇਵਾਰੀ ਸੌਂਪਦੇ ਹੋਏ ਜਿਲ੍ਹਾ ਪਲੇਨਿੰਗ ਬੋਰਡ ਦਾ ਚੇਅਰਮੈਨ ਬਣਾਇਆ ਗਿਆ ਹੈ। ਜੋਬਨ ਰੰਧਾਵਾ ਨੂੰ ਜਿਲ੍ਹਾ ਪਲੇਨਿੰਗ ਬੋਰਡ ਦਾ ਚੇਅਰਮੈਨ ਬਣਾਉਣ ਤੇ ਆਪ ਵਰਕਰਾਂ ਵਿਚ ਭਾਰੀ ਖੁਸ਼ੀ ਦੇਖਣ ਨੂੰ ਮਿਲ ਰਹੀ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਜੋਬਨ ਰੰਧਾਵਾ ਨੇ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਪੰਜਾਬ ਕਾਰਜਕਾਰੀ ਪ੍ਰਧਾਨ ਸ.ਅਮਨਸ਼ੇਰ ਸਿੰਘ ਸ਼ੈਰੀ ਕਲਸੀ ਸਮੇਤ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਮੇਰੇ ਵਰਗੇ ਇਕ ਆਮ ਵਰਕਰ ਨੂੰ ਪਹਿਲਾ ਆਮ ਆਦਮੀ ਪਾਰਟੀ ਦਾ ਜਿਲ੍ਹਾ ਪ੍ਰਧਾਨ ਬਣਾਇਆ ਅਤੇ ਹੁਣ ਜਿਲ੍ਹਾ ਪਲੇਨਿੰਗ ਬੋਰਡ ਦਾ ਚੇਅਰਮੈਨ ਬਣਾ ਕੇ ਜੋ ਮਾਣ ਬਖਸਿਆ ਹੈ ਉਸ ਲਈ ਮੈਂ ਸਦਾ ਰਿਣੀ ਰਹਾਂਗਾ। ਜੋਬਨ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਜਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਮੇਰੇ ਵਰਗੇ ਕਈ ਵਰਕਰਾਂ ਨੂੰ ਜਿੱਥੇ ਪਾਰਟੀ ਵਿਚ ਵੱਡੀਆਂ ਜਿੰਮੇਵਾਰੀਆਂ ਦਿੱਤੀਆਂ ਹਨ ਉਥੇ ਹੀ ਕਈ ਵਰਕਰਾਂ ਸਰਕਾਰ ਵਿਚ ਵੱਡੀਆਂ ਨੁੰਮਾਇਦਗੀਆਂ ਦੇ ਕੇ ਰਾਜਨੀਤੀ ਵਿਚ ਇਕ ਨਵਾਂ ਇਤਿਹਾਸ ਲਿਖਿਆ ਹੈ ਕਿਉਂਕਿ ਦੂਜੀਆਂ ਪਾਰਟੀਆਂ ਵਿਚ ਅਹੁਦੇਦਾਰੀਆਂ ਅਤੇ ਚੇਅਰਮੈਨੀਆਂ ਸਿਰਫ ਵੱਡੇ ਲੀਡਰਾਂ ਦੇ ਘਰਾਂ ਤੱਕ ਸੀਮਿਤ ਸਨ ਲੇਕਿਨ ਆਮ ਆਦਮੀ ਪਾਰਟੀ ਨੇ ਹਰ ਵਰਕਰ ਦੀ ਮਿਹਨਤ ਦਾ ਮੁੱਲ ਪਾਇਆ ਹੈ ਜਿਸਦੀਆਂ ਪੂਰੇ ਪੰਜਾਬ ਵਿਚ ਵੀ ਮਿਸਾਲਾਂ ਮਿਲਦੀਆਂ ਹਨ।



# ਵੈਨਿਸ - ਪਾਣੀ ਉੱਤੇ ਵੱਸਿਆ ਜਾਦੂਈ ਸ਼ਹਿਰ

ਭੂਗੋਲਿਕ ਪਿਛੋਕੜ

ਵੈਨਿਸ (Venice) ਇਟਲੀ ਦੇ ਉੱਤਰੀ-ਪੂਰਬੀ ਹਿੱਸੇ ਵਿੱਚ ਸਥਿਤ ਇੱਕ ਵਿਲੱਖਣ ਸ਼ਹਿਰ ਹੈ ਜੋ ਆਡਰਿਆਟਿਕ ਸਮੁੰਦਰ ਦੇ ਕੰਢੇ ਤੇ ਵੱਸਿਆ ਹੋਇਆ ਹੈ। ਇਹ ਸ਼ਹਿਰ ਲਗਭਗ 118 ਛੋਟੇ-ਛੋਟੇ ਟਾਪੂਆਂ 'ਤੇ ਬਣਿਆ ਹੋਇਆ ਹੈ, ਜੋ ਇੱਕ ਦੂਜੇ ਨਾਲ 438 ਦੇ ਕਰੀਬ ਪੁਲਾਂ ਰਾਹੀਂ ਜੁੜੇ ਹੋਏ ਹਨ। ਇਨ੍ਹਾਂ ਟਾਪੂਆਂ ਵਿਚਕਾਰ 170 ਤੋਂ ਵੱਧ ਛੋਟੀਆਂ ਵੱਡੀਆਂ ਨਹਿਰਾਂ ਹਨ, ਜੋ ਸੜਕਾਂ ਦੀ ਥਾਂ ਆਵਾਜਾਈ ਲਈ ਵਰਤੀਆਂ ਜਾਂਦੀਆਂ ਹਨ।

ਵੈਨਿਸ ਦਾ ਇਤਿਹਾਸ

ਵੈਨਿਸ ਦੀ ਸਥਾਪਨਾ 5ਵੀਂ ਸਦੀ ਵਿੱਚ ਹੋਈ ਸੀ, ਜਦੋਂ ਬਰਬਰ ਹਮਲਾਵਰਾਂ ਤੋਂ ਬਚਣ ਲਈ ਲੋਕ ਪੱਛਮੀ ਰੋਮਨ ਸਾਮਰਾਜ ਤੋਂ ਭੱਜ ਕੇ ਇਨ੍ਹਾਂ ਟਾਪੂਆਂ ਉੱਤੇ ਆ ਵੱਸੇ। ਹੌਲੀ ਹੌਲੀ ਇੱਥੇ ਲੋਕਾਂ ਨੇ ਘਰ ਬਣਾਉਣੇ, ਮੱਛੀ ਫੜਣੀ ਅਤੇ ਸਮੁੰਦਰੀ ਵਪਾਰ ਕਰਨਾ ਸ਼ੁਰੂ ਕੀਤਾ।

9ਵੀਂ ਸਦੀ ਤੱਕ ਆਉਂਦਿਆਂ ਵੈਨਿਸ ਇੱਕ ਅਜ਼ਾਦ ਅਤੇ ਸ਼ਕਤੀਸ਼ਾਲੀ ਗਣਤੰਤਰ ਬਣ ਗਿਆ ਸੀ। ਜਿਸਨੂੰ ÷ਵੈਨਿਸ ਦਾ ਗਣਰਾਜ÷ ਆਖਿਆ ਜਾਂਦਾ ਸੀ। ਇਹ ਗਣਰਾਜ ਲਗਭਗ 1100 ਸਾਲ ਤੱਕ ਚੱਲਿਆ ਅਤੇ ਸਮੁੰਦਰੀ ਵਪਾਰ ਅਤੇ ਕਲਾ-ਸੰਸਕ੍ਰਿਤੀ ਦਾ ਕੇਂਦਰ ਬਣਿਆ।

ਵੈਨਿਸ ਨੇ ਯੂਰਪ ਅਤੇ ਏਸ਼ੀਆ ਵਿਚਕਾਰ ਵਪਾਰਕ ਰਸਤੇ ਖੋਲ੍ਹੇ। ਇੱਥੋਂ ਦੇ ਵਪਾਰੀ ਰੇਸ਼ਮ, ਮਸਾਲੇ, ਕੱਚ ਦਾ ਸਾਮਾਨ, ਕੱਪੜੇ ਅਤੇ ਹੋਰ ਕੀਮਤੀ ਵਸਤਾਂ ਦਾ ਵਪਾਰ ਕਰਦੇ ਸਨ। ਇਹ ਸ਼ਹਿਰ ਇਤਾਲਵੀ ਪੁਨਰਜਾਗਰਣ ਕਾਲ ਦਾ ਵੀ ਇੱਕ ਪ੍ਰਮੁੱਖ ਸਥਾਨ ਬਣਿਆ, ਜਿਸ ਦੌਰਾਨ ਕਲਾ, ਸੰਗੀਤ, ਵਿਗਿਆਨ ਅਤੇ ਫਲਸਫ਼ਾ ਦੇ ਖੇਤਰ ਵਿੱਚ ਭਰਪੂਰ ਵਿਕਾਸ ਹੋਇਆ।

ਸਿਆਸੀ ਸੰਰਚਨਾ

ਇਤਿਹਾਸ ਅਨੁਸਾਰ ਵੈਨਿਸ ਇੱਕ ਗਣਰਾਜ ਸੀ ਜਿਸਦਾ ਨੇਤਾ ÷ਡੋਜ÷ ਅਖਵਾਉਂਦਾ ਸੀ। ਡੋਜ ਨੂੰ ਉੱਚ ਵਰਗ ਦੀ ਸੰਸਦ ਵੱਲੋਂ ਚੁਣਿਆ ਜਾਂਦਾ ਸੀ। ਯਥਾਰਥ ਵਿੱਚ, ਇਹ ਸ਼ਹਿਰ ਲੰਬੇ ਸਮੇਂ ਤੱਕ ਨਿਰਪੱਖਤਾ ਅਤੇ ਆਰਥਿਕ ਤਾਕਤ ਦਾ ਪ੍ਰਤੀਕ ਰਿਹਾ। ਵੈਨਿਸ ਦੀ ਕਾਨੂੰਨੀ ਅਤੇ ਪ੍ਰਸ਼ਾਸਨਿਕ ਪ੍ਰਣਾਲੀ ਵਿਅਕਤੀ ਦੀ ਆਜ਼ਾਦੀ ਅਤੇ ਨਿਆਂਪੂਰਨ ਸ਼ਾਸਨ ਦਾ ਇੱਕ ਉੱਤਮ ਉਦਾਹਰਣ ਮੰਨੀ ਜਾਂਦੀ ਸੀ।

ਕਲਾ, ਸੰਗੀਤ ਅਤੇ ਸੱਭਿਆਚਾਰ

ਵੈਨਿਸ ਇਤਾਲਵੀ ਕਲਾ, ਥੀਏਟਰ, ਮੂਰਤੀਕਲਾ ਅਤੇ ਸੰਗੀਤ ਦਾ ਕੇਂਦਰ ਰਿਹਾ ਹੈ। ਇੱਥੇ ਜਨਮੇ ਕੁਝ ਮਹਾਨ ਕਲਾਕਾਰਾਂ ਵਿੱਚ ਟਿਟੀਅਨ ਟਿੰਟੋਰੇਟੋ ਕਾਨਲੈੱਟੋ ਅਤੇ ਅੰਟੋਨਿਓ ਵਿਵਾਲਦੀ ਸ਼ਾਮਲ ਹਨ। ਵਿਵਾਲਦੀ ਦੀ ÷Four Seasons" ਸੰਗੀਤ ਰਚਨਾ ਅੱਜ ਵੀ ਦੁਨੀਆ ਭਰ ਵਿੱਚ ਵੱਜਦੀ ਹੈ।

ਵੈਨਿਸ ਵਿੱਚ ਸਥਿਤ La Fenice ਥੀਏਟਰ ਦੁਨੀਆ ਦੇ ਪ੍ਰਸਿੱਧ ਓਪੇਰਾ ਘਰਾਂ ਵਿੱਚੋਂ ਇੱਕ ਹੈ।

ਆਧੁਨਿਕ ਵੈਨਿਸ ਅਤੇ ਪ੍ਰਮੁੱਖ ਦਰਸ਼ਨੀ ਥਾਵਾਂ

1. ਸੇਂਟ ਮਾਰਕ ਸਕੁਐਰ

ਇਹ ਵੈਨਿਸ ਦਾ ਕੇਂਦਰੀ ਮੈਦਾਨ ਹੈ। ਇੱਥੇ ਸੇਂਟ ਮਾਰਕਸ ਬੇਸੀਲਿਕਾ ਅਤੇ ਡੋਜ ਪੈਲੇਸ ਸਥਿਤ ਹਨ। ਇਨ੍ਹਾਂ ਇਮਾਰਤਾਂ ਦੀ ਕਲਾਤਮਕ ਸਜਾਵਟ, ਚਿੱਟਾ ਸੰਗਮਰਮਰ ਅਤੇ ਸੋਨੇ ਦੀਆਂ ਮੋਜ਼ੇਕਾਂ ਸੈਲਾਨੀਆਂ ਨੂੰ ਮੰਤਰਮੁਗਧ ਕਰ ਦਿੰਦੀਆਂ ਹਨ।

2. ਗ੍ਰੈਂਡ ਕੈਨਾਲ ਇਹ ਵੈਨਿਸ ਦੀ ਸਭ ਤੋਂ ਮੁੱਖ ਪਾਣੀ ਦੀ ਰਾਹਦਾਰੀ ਹੈ ਜੋ ਸ਼ਹਿਰ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ। ਇਸ ਕੈਨਾਲ 'ਤੇ ਬਣਿਆ ਰੀਆਲਟੋ ਬ੍ਰਿਜ ਸਭ ਤੋਂ ਪ੍ਰਾਚੀਨ ਅਤੇ ਮਸ਼ਹੂਰ ਪੁਲ ਹੈ।

3. ਗੋਂਡੋਲਾ ਸਵਾਰੀ:

ਇੱਕ ਪਤਲੀ ਅਤੇ ਲੰਬੀ ਨੌਕਾ ਜੋ ਸਿਰਫ ਵੈਨਿਸ ਵਿੱਚ ਮਿਲਦੀ ਹੈ। ਇਸਦੀ ਸਵਾਰੀ ਗੋਂਡੋਲੇ ਸ਼ਹਿਰ ਦੀ ਸ਼ਾਂਤ ਕੈਨਾਲਾਂ ਵਿੱਚ ਘੁੰਮਣ ਲਈ ਸੈਲਾਨੀਆਂ ਨੂੰ ਵਿਸ਼ੇਸ਼ ਅਨੁਭਵ ਦਿੰਦੀ ਹੈ।

4. ਮੁਰਾਨੋ ਅਤੇ ਬੁਰਾਨੋ ਟਾਪੂ:

ਮੁਰਾਨੋ ਆਪਣੇ ਹੱਥ ਨਾਲ ਬਣਾਈਆਂ ਕੱਚ ਦੀਆਂ ਵੱਖ ਵੱਖ ਚੀਜ਼ਾਂ ਲਈ ਦੁਨੀਆ ਭਰ ਵਿੱਚ ਮਸ਼ਹੂਰ ਹੈ।

ਬੁਰਾਨੋ ਰੰਗੀਨ ਘਰਾਂ ਅਤੇ ਪ੍ਰੰਪਰਾਵਾਦੀ ਹੱਥ ਦੀਆਂ ਕਢਾਈਆਂ ਲਈ ਜਾਣਿਆ ਜਾਂਦਾ ਹੈ।

ਵੈਨਿਸ ਅਤੇ ਮੌਸਮੀ ਤਬਦੀਲੀਆਂ

ਪਿਛਲੇ ਕੁਝ ਦਸ਼ਕਾਂ ਤੋਂ ਵੈਨਿਸ ਨੂੰ ÷ਆਕੂਆ ਆਲਤਾ÷ — ਉੱਚੀ ਲਹਿਰਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮੁੰਦਰੀ ਪਾਣੀ ਵਧ ਜਾਣ ਕਾਰਨ ਅਕਸਰ ਸੈਂਟ ਮਾਰਕ ਸਕੁਐਰ ਅਤੇ ਹੋਰ ਹਿੱਸੇ ਪਾਣੀ ਹੇਠਾਂ ਆ ਜਾਂਦੇ ਹਨ।

ਇਸ ਤੋਂ ਇਲਾਵਾ, ਵਧ ਰਹੀ ਸੈਲਾਨੀ ਭੀੜ ਅਤੇ ਵਾਤਾਵਰਣੀ ਦਬਾਅ ਕਾਰਨ ਇਹ ਸ਼ਹਿਰ ਖ਼ਤਰੇ ਵਿੱਚ ਹੈ। ਇਟਲੀ ਸਰਕਾਰ ਅਤੇ ਯੂਨੈਸਕੋ ਵੱਲੋਂ ਵੈਨਿਸ ਨੂੰ ਸੁਰੱਖਿਅਤ ਰੱਖਣ ਦੇ ਯਤਨ ਜਾਰੀ ਹਨ, ਜਿਵੇਂ ਕਿ MOSE Project, ਜੋ ਸਮੁੰਦਰੀ ਪਾਣੀ ਦੀਆਂ ਲਹਿਰਾਂ ਨੂੰ ਰੋਕਣ ਲਈ ਇੱਕ ਤਕਨੀਕੀ ਯਤਨ ਹੈ।


ਸੋ ਵੈਨਿਸ ਇਕ ਜਾਦੂਈ ਸ਼ਹਿਰ ਹੈ ਜੋ ਇਤਿਹਾਸ, ਕਲਾ, ਵਪਾਰ ਅਤੇ ਰਚਨਾਤਮਕਤਾ ਦੀ ਜੀਵੰਤ ਮਿਸਾਲ ਹੈ। ਇਹ ਸ਼ਹਿਰ ਸਿਰਫ਼ ਇਟਲੀ ਦੀ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਵਿਰਾਸਤ ਹੈ।

ਪਾਣੀ ਉੱਤੇ ਬਣਿਆ ਇਹ ਸ਼ਹਿਰ ਸਾਨੂੰ ਦੱਸਦਾ ਹੈ ਕਿ ਜਦੋਂ ਮਨੁੱਖ ਦ੍ਰਿੜ ਨਿਸ਼ਚੈ ਅਤੇ ਰਚਨਾਤਮਕਤਾ ਨਾਲ ਕੰਮ ਕਰੇ ਤਾਂ ਕੁਦਰਤ ਨੂੰ ਵੀ ਜਿੱਤਿਆ ਜਾ ਸਕਦਾ ਹੈ।









**ਲੇਖਕ: ਹਰਵਿੰਦਰ ਰੋਮੀ**

# ਟਰੰਪ ਦੀ ਧਮਕੀ ਬਨਾਮ ਰਾਸ਼ਟਰੀ ਹਿੱਤ ਸਭ ਤੋਂ ਉੱਪਰ, ਇੰਡੀਆ ਫਸਟ ਨੀਤੀ

## ਭਾਰਤ ਲਈ ਚੁਣੌਤੀ:- ਅਮਰੀਕਾ ਅੱਗੇ ਨਾ ਝੁਕੋ, ਸਬੰਧ ਨਾ ਤੋੜੋ, ਸਤਿਕਾਰ ਨਾ ਛੱਡੋ

ਗੋਂਡੀਆ - ਅੱਜ, ਵਿਸ਼ਵ ਪੱਧਰ 'ਤੇ, ਦੁਨੀਆ ਦਾ ਹਰ ਦੇਸ਼ ਟਰੰਪ ਦੁਆਰਾ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਦਿੱਤੇ ਗਏ ਵੱਖ-ਵੱਖ ਬਿਆਨਾਂ ਅਤੇ ਵਿਵਹਾਰ ਕਾਰਨ ਸਦਮੇ ਵਿੱਚ ਹੈ ਅਤੇ ਸੋਚਣ ਲਈ ਮਜਬੂਰ ਹੈ, ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ? ਕਿਉਂਕਿ ਟਰੰਪ ਆਪਣੇ ਚੋਣ ਵਾਅਦਿਆਂ ਲਈ ਵਿੱਤ ਦੇ ਵੱਖ-ਵੱਖ ਸਰੋਤਾਂ ਦਾ ਪ੍ਰਬੰਧ ਕਰ ਰਿਹਾ ਹੈ ਅਮਰੀਕਾ ਫਸਟ ਅਤੇ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਓ, ਉਹ ਵੀ ਇੱਕ ਨਵੇਂ ਤਰੀਕੇ ਨਾਲ, ਟੈਰਿਫ ਦਾ ਦਬਾਅ ਪਾ ਕੇ! ਉਹ ਉਨ੍ਹਾਂ ਦੇਸ਼ਾਂ ਨੂੰ ਆਪਣੀਆਂ ਸ਼ਰਤਾਂ ਅਤੇ ਮੰਗਾਂ ਨੂੰ ਸਵੀਕਾਰ ਕਰਨ ਲਈ ਮਜਬੂਰ ਕਰ ਰਹੇ ਹਨ। ਅਸੀਂ ਦੇਖਿਆ ਹੈ ਕਿ ਚੀਨ, ਕੈਨੇਡਾ ਅਤੇ ਪੂਰੇ ਯੂਰਪੀਅਨ ਯੂਨੀਅਨ 'ਤੇ 145% ਟੈਰਿਫ ਲਗਾਇਆ ਗਿਆ ਸੀ। ਅਸੀਂ ਸਾਰੇ ਦੇਸ਼ਾਂ 'ਤੇ ਟੈਰਿਫ ਰਾਹੀਂ ਦਬਾਅ ਦੀ ਖੇਡ ਖੇਡਦੇ ਦੇਖ ਰਹੇ ਹਾਂ। ਹੁਣ, 1 ਅਗਸਤ ਤੋਂ, ਭਾਰਤ 'ਤੇ 25% ਟੈਰਿਫ ਦਾ ਐਲਾਨ ਕੀਤਾ ਗਿਆ ਸੀ, ਫਿਰ ਇਸਨੂੰ ਸੋਧਿਆ ਗਿਆ ਅਤੇ 7 ਅਗਸਤ ਤੱਕ ਵਧਾ ਦਿੱਤਾ ਗਿਆ। ਫਿਰ ਅੱਜ, ਮੰਗਲਵਾਰ, 5 ਅਗਸਤ, 2025 ਨੂੰ ਦੇਰ ਸ਼ਾਮ, ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਤੀ ਫੰਡਿੰਗ ਦੇ ਰੂਪ ਵਿੱਚ ਰੂਸ ਤੋਂ ਤੇਲ ਲੈ ਕੇ ਯੂਕਰੇਨ ਯੁੱਧ ਵਿੱਚ ਅਸਿੱਧੇ ਤੌਰ 'ਤੇ ਰੂਸ ਦੀ ਮਦਦ ਕਰ ਰਿਹਾ ਹੈ। ਇਸਨੂੰ ਰੂਸ ਤੋਂ ਤੇਲ ਖਰੀਦਣਾ ਬੰਦ ਕਰਨਾ ਪਵੇਗਾ। ਅਮਰੀਕਾ ਅਗਲੇ 24 ਘੰਟਿਆਂ ਵਿੱਚ ਭਾਰਤ 'ਤੇ ਟੈਰਿਫ ਵਧਾਏਗਾ। ਮੈਂ, ਐਡਵੋਕੇਟ ਕਿਸ਼ਨ ਸੰਮੁਖ ਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਮੰਨਦਾ ਹਾਂ ਕਿ ਉਹ ਦਿਨ ਲੰਘ ਗਏ ਹਨ ਜਦੋਂ ਭਾਰਤ ਦੇ ਦ੍ਰਿੜ ਇਰਾਦਿਆਂ ਨੂੰ ਦਬਾਅ ਪਾ ਕੇ ਹਿਲਾ ਦਿੱਤਾ ਜਾਂਦਾ ਸੀ। ਹੁਣ, ਭਾਰਤ ਨੇ ਇੰਨੀ ਤਰੱਕੀ ਕੀਤੀ ਹੈ ਕਿ ਇਹ ਆਪਣੀ ਮਰਜ਼ੀ ਨਾਲ, ਆਪਣੀ ਤਾਕਤ ਨਾਲ ਅਤੇ ਆਪਣੀਆਂ ਸ਼ਰਤਾਂ 'ਤੇ, ਰਾਸ਼ਟਰੀ ਹਿੱਤ ਨੂੰ ਸਰਵਉੱਚ ਰੱਖਦੇ ਹੋਏ ਕੰਮ ਕਰੇਗਾ। ਯਾਨੀ ਕਿ ਮੇਕ ਇਨ ਇੰਡੀਆ ਅਤੇ ਵਿਜ਼ਨ 2047 ਨੂੰ ਧਿਆਨ ਵਿੱਚ ਰੱਖਦੇ ਹੋਏ ਰਾਸ਼ਟਰੀ ਹਿੱਤ ਵਿੱਚ ਰਣਨੀਤੀ ਬਣਾ ਕੇ ਕੰਮ ਕੀਤਾ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਟਰੰਪ ਮੇਕ ਅਮਰੀਕਾ ਗ੍ਰੇਟ ਅਗੇਨ ਅਤੇ ਅਮਰੀਕਨ ਫਸਟ ਦੀ ਨੀਤੀ 'ਤੇ ਚੱਲ ਰਹੇ ਹਨ, ਜੋ ਕਿ ਉਨ੍ਹਾਂ ਦੇ ਚੋਣ ਵਾਅਦੇ ਦਾ ਇੱਕ ਹਿੱਸਾ ਹੈ। ਹੁਣ ਭਾਰਤ ਅਤੇ ਅਮਰੀਕਾ ਦੋਵੇਂ ਆਪਣੇ ਰਾਸ਼ਟਰ ਨੂੰ ਮਹਾਨ ਬਣਾਉਣਾ ਚਾਹੁੰਦੇ ਹਨ, ਜੋ ਕਿ ਇੱਕ ਚੰਗੀ ਗੱਲ ਹੈ। ਪਰ ਇਸ ਲਈ ਦਬਾਅ ਨੀਤੀ ਦੇ ਹਥਿਆਰ ਦੀ ਵਰਤੋਂ ਸਹੀ ਨਿਯਮਾਂ ਦੇ ਵਿਰੁੱਧ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ ਕਿ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੁਆਰਾ ਰੂਸ 'ਤੇ ਲਗਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ, ਰੂਸ ਸਿੱਧੇ ਜਾਂ ਅਸਿੱਧੇ ਤੌਰ 'ਤੇ ਊਰਜਾ ਖਰੀਦ ਰਿਹਾ ਹੈ, ਤਾਂ ਭਾਰਤ ਨਾਲ ਅਜਿਹਾ ਪ੍ਰਸਤਾਵ ਕਿਉਂ?

ਦੋਸਤੋ, ਜੇਕਰ ਅਸੀਂ ਟਰੰਪ ਦੀ ਧਮਕੀ ਨੂੰ ਊਰਜਾ, ਰਾਜਨੀਤੀ ਅਤੇ ਦਬਾਅ ਦੀ ਰਣਨੀਤਕ ਕੜੀ ਵਜੋਂ ਵੇਖੀਏ, ਤਾਂ ਟਰੰਪ ਦੀ ਧਮਕੀ ਅਤੇ ਅਮਰੀਕਾ ਦਾ ਅਸਲ ਸਟੈਂਡ:- ਡੋਨਾਲਡ ਟਰੰਪ ਨੇ 31 ਜੁਲਾਈ ਅਤੇ 5 ਅਗਸਤ 2025 ਨੂੰ ਭਾਰਤ ਨੂੰ ਦੋ ਵਾਰ ਧਮਕੀ ਦਿੱਤੀ ਕਿ ਜੇਕਰ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਨਹੀਂ ਕਰਦਾ, ਤਾਂ ਅਮਰੀਕਾ ਭਾਰਤ 'ਤੇ ÷24 ਘੰਟਿਆਂ ਦੇ ਅੰਦਰ ਬਹੁਤ ਵੱਡੇ ਟੈਰਿਫ÷ ਲਗਾ ਦੇਵੇਗਾ। ਉਸਨੇ ਭਾਰਤ 'ਤੇ ਦੋਸ਼ ਲਗਾਇਆ: ਰੂਸ ਤੋਂ ਸਸਤਾ ਤੇਲ ਖਰੀਦਣਾ, ਇਸਨੂੰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਉੱਚੀਆਂ ਕੀਮਤਾਂ 'ਤੇ ਵੇਚਣਾ, ਅਤੇ ਇਸ ਤਰ੍ਹਾਂ ÷ਜੰਗ ਨੂੰ ਫੰਡ ਦੇਣਾ÷। ਪਰ ਇਸ ਬਿਆਨ ਵਿੱਚ ਦੋ ਵੱਡੇ ਵਿਰੋਧਾਭਾਸ ਹਨ: (1) ਅਮਰੀਕਾ ਖੁਦ 2024-25 ਵਿੱਚ ਦੁਨੀਆ ਦਾ ਸਭ ਤੋਂ ਵੱਡਾ ਤੇਲ ਨਿਰਯਾਤਕ ਬਣ ਗਿਆ ਹੈ। (2) ਅਮਰੀਕਾ ਨੇ ਯੂਰਪ ਨੂੰ ਊਰਜਾ ਸਪਲਾਈ ਲਈ ਵੱਡੇ ਸਮਝੌਤੇ ਕੀਤੇ ਹਨ, ਜੋ ਰੂਸ ਨੂੰ ਬਦਲਣ ਦੇ ਨਾਮ 'ਤੇ ਆਪਣੇ ਲਈ ਮੁਨਾਫ਼ਾ ਕਮਾ ਰਿਹਾ ਹੈ। ਅਮਰੀਕਾ ਦੀ ਤੇਲ ਨੀਤੀ ਅਤੇ ਭਾਰਤ 'ਤੇ ਟੈਰਿਫ ਦੀ ਧਮਕੀ:- ਡੋਨਾਲਡ ਟਰੰਪ ਨੇ 31 ਜੁਲਾਈ ਅਤੇ 4-5 ਅਗਸਤ 2025 ਨੂੰ ਦੁਹਰਾਉਂਦੇ ਹੋਏ ਇਹ ਸਪੱਸ਼ਟ ਕੀਤਾ ਕਿ ਉਹ ਰੂਸ ਤੋਂ ਭਾਰਤ ਦੀ ਤੇਲ ਖਰੀਦ ਨੂੰ ÷ਜੰਗੀ ਮਸ਼ੀਨ ਨੂੰ ਬਾਲਣ÷ ਮੰਨਦੇ ਹਨ। ਰਾਇਟਰਜ਼ ਅਤੇ ਇੰਡੀਆ ਟਾਈਮਜ਼ ਸਮੇਤ ਰਿਪੋਰਟਾਂ ਦੇ ਅਨੁਸਾਰ, ਜਨਵਰੀ-ਜੂਨ 2025 ਵਿੱਚ ਭਾਰਤ ਦੀ ਕੁੱਲ ਤੇਲ ਖਪਤ ਦਾ ਲਗਭਗ 36-40% ਰੂਸ ਤੋਂ ਆਇਆ ਸੀ। ਅਮਰੀਕਾ ਅਤੇ ਯੂਰਪ ਆਪਣੇ ਆਪ ਕਿੰਨਾ ਤੇਲ ਖਰੀਦ ਰਹੇ ਹਨ?



ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੁਆਰਾ ਰੂਸ 'ਤੇ ਲਗਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ, ਜੇਕਰ ਰੂਸ ਸਿੱਧੇ ਜਾਂ ਅਸਿੱਧੇ ਤੌਰ 'ਤੇ ਊਰਜਾ ਖਰੀਦ ਰਿਹਾ ਹੈ, ਤਾਂ ਭਾਰਤ ਨਾਲ ਅਜਿਹਾ ਵਿਵਹਾਰ ਕਿਉਂ ਕੀਤਾ ਜਾ ਰਿਹਾ ਹੈ? - ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ

ਦੋਸਤੋ ਯੂਰਪੀਅਨ ਯੂਨੀਅਨ: ਯੂਰੋਸਟੈਟ ਦੇ ਅੰਕੜਿਆਂ ਦੇ ਅਨੁਸਾਰ, 2025 ਦੇ ਸ਼ੁਰੂ ਤੱਕ, ਯੂਰਪੀਅਨ ਯੂਨੀਅਨ ਨੇ ਪੈਟਰੋਲੀਅਮ ਤੇਲ ਦੀ ਦਰਾਮਦ ਮਾਰਚ-2021 ਦੇ ਮੁਕਾਬਲੇ ਮੁੱਲ ਵਿੱਚ 56% ਵਧੀ, ਜੋ ਕਿ ਮਾਤਰਾ ਵਿੱਚ ਥੋੜ੍ਹਾ +0.3% ਸੀ - ਹਾਲਾਂਕਿ 2022 ਤੋਂ ਬਾਅਦ ਦੋਵਾਂ ਵਿੱਚ ਕ੍ਰਮਵਾਰ ਗਿਰਾਵਟ ਆਈ। 2024 ਵਿੱਚ, ਯੂਰਪੀਅਨ ਯੂਨੀਅਨ ਨੇ ਅਮਰੀਕਾ ਤੋਂ



ਲਗਭਗ ,76 ਬਿਲੀਅਨ ਮੁੱਲ ਦਾ *©7, ਪੈਟਰੋਲੀਅਮ ਅਤੇ ਕੋਲਾ ਆਯਾਤ ਕੀਤਾ - 318 ਬਿਲੀਅਨ ਡਾਲਰ ਦੇ ਕੁੱਲ ਅਮਰੀਕੀ ਊਰਜਾ ਨਿਰਯਾਤ ਵਿੱਚ 5" ਦਾ ਹਿੱਸਾ ਲਗਭਗ 24% ਹੈ। 2024 ਵਿੱਚ ਯੂਰਪ ਨੂੰ ਸਪਲਾਈ ਕਰਨ ਵਾਲੇ ਅਮਰੀਕਾ ਦਾ ਹਿੱਸਾ *©7 ਵਿੱਚ 44% ਸੀ, ਤੇਲ ਵਿੱਚ 15.4%। ਅਮਰੀਕਾ:-- ਅਮਰੀਕਾ ਨੇ 2024 ਵਿੱਚ ਪ੍ਰਤੀ ਦਿਨ ਔਸਤਨ 4.1 ਮਿਲੀਅਨ ਬੈਰਲ ਕੱਚਾ ਤੇਲ ਨਿਰਯਾਤ ਕੀਤਾ - ਜੋ ਕਿ 2023 ਦੇ ਰਿਕਾਰਡ ਨੂੰ ਪਾਰ ਕਰਦਾ ਹੈ। ਯੂਰਪੀਅਨ ਦੇਸ਼ਾਂ ਵਿੱਚੋਂ, ਸਭ ਤੋਂ ਵੱਧ ਕੱਚੇ ਤੇਲ ਦੀ ਸਪਲਾਈ ਨੀਦਰਲੈਂਡਜ਼ ਨੂੰ ਕੀਤੀ ਗਈ (ਲਗਭਗ 8.25 ਲੱਖ ਬੈਰਲ ਪ੍ਰਤੀ ਦਿਨ), ਇਸ ਤੋਂ ਬਾਅਦ ਜਰਮਨੀ, ਯੂਕੇ ਆਦਿ ਹਨ। ਭਾਰਤ ਨੂੰ ਅਮਰੀਕੀ ਕੱਚੇ ਤੇਲ ਦੀ ਬਰਾਮਦ ਉਸੇ ਸਾਲ 32% ਵਧੀ - ਰੂਸ ਤੋਂ ਸਸਤਾ ਤੇਲ ਮਿਲਣ ਦੇ ਬਾਵਜੂਦ, ਭਾਰਤ ਅਮਰੀਕੀ ਕੱਚੇ ਤੇਲ ਨੂੰ ਬਹੁਤ ਜਗ ?ਹਾ ਦੇ ਰਿਹਾ ਹੈ: ਲਗਭਗ 55,000 ਬੈਰਲ ਪ੍ਰਤੀ ਦਿਨ ਦਾ ਵਾਧਾ।

ਦੋਸਤੋ ਟਰੰਪ ਵੱਲੋਂ ਭਾਰਤ ਦੀ ਰਣਨੀਤਕ ਖੁਦਮੁਖਤਿਆਰੀ 'ਤੇ ਸਵਾਲ ਉਠਾਉਂਦੇ ਹੋਏ, ਟਰੰਪ ਨੇ ਕਿਹਾ ਕਿ ਅਗਲੇ 24 ਘੰਟਿਆਂ (5-6 ਅਗਸਤ 2025) ਵਿੱਚ ਭਾਰਤ 'ਤੇ ਆਯਾਤ ਟੈਰਿਫ ÷ਬਹੁਤ ਮਹੱਤਵਪੂਰਨ÷ ਵਧਾਏ ਜਾ ਸਕਦੇ ਹਨ, ਮੌਜੂਦਾ 25 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ, 100 ਪ੍ਰਤੀਸ਼ਤ, ਜਾਂ ਇਸ ਤੋਂ ਵੀ ਵੱਧ। ÷2025 ਦਾ ਰੂਸ ਐਕਟ ਨੂੰ ਮਨਜ਼ੂਰੀ ਦੇਣਾ÷ ਅਮਰੀਕੀ ਕਾਂਗਰਸ ਵਿੱਚ ਪ੍ਰਸਤਾਵਿਤ ਹੈ, ਜੋ ਰਾਸ਼ਟਰਪਤੀ ਨੂੰ ਰੂਸੀ ਊਰਜਾ ਆਯਾਤ ਕਰਨ ਵਾਲੇ ਦੇਸ਼ਾਂ (ਖਾਸ ਕਰਕੇ ਭਾਰਤ, ਚੀਨ) 'ਤੇ 500 ਪ੍ਰਤੀਸ਼ਤ ਸੈਕੰਡਰੀ ਟੈਰਿਫ ਲਗਾਉਣ ਦਾ ਅਧਿਕਾਰ ਦੇਵੇਗਾ। ਇਹ ਬਿੱਲ ਲਿੰਡਸੇ ਗ੍ਰਾਹਮ ਅਤੇ ਰਿਚਰਡ ਬਲੂਮੈਂਥਲ ਦੁਆਰਾ ਪੇਸ਼ ਕੀਤਾ ਗਿਆ ਹੈ ਅਤੇ ਸਮਰਥਨ ਪ੍ਰਾਪਤ ਕਰ ਰਿਹਾ ਹੈ। ਦੁਵੱਲੇ ਸਬੰਧ ਅਤੇ ਆਰਥਿਕ ਪ੍ਰਭਾਵ ਇਹ ਤਣਾਅ ਸਿਰਫ਼ ਤੇਲ ਨਾਲ ਸਬੰਧਤ ਨਹੀਂ ਹੈ - ਇਹ ਭਾਰਤ ਅਤੇ ਅਮਰੀਕਾ ਲਈ ਇੱਕ ਵੱਡਾ ਮੁੱਦਾ ਵੀ ਹੈ। ਅਮਰੀਕਾ ਦਾ ਦੋਵਾਂ ਵਿਚਕਾਰ ਵਪਾਰ ਅਤੇ ਵਿਦੇਸ਼ ਨੀਤੀ 'ਤੇ ਡੂੰਘਾ ਪ੍ਰਭਾਵ ਪੈ ਰਿਹਾ ਹੈ, ਜਿਸ ਵਿੱਚ ਖੇਤੀਬਾੜੀ ਅਤੇ ਰੱਖਿਆ ਸਬੰਧ ਸ਼ਾਮਲ ਹਨ। ਰੇਟਿੰਗ ਏਜੰਸੀਆਂ ਦਾ ਅੰਦਾਜ਼ਾ ਹੈ ਕਿ ਪਰਸਪਰ ਟੈਰਿਫਾਂ ਨਾਲ ਭਾਰਤ ਨੂੰ ਸਾਲਾਨਾ £7-18 ਬਿਲੀਅਨ ਦਾ ਨੁਕਸਾਨ ਹੋ ਸਕਦਾ ਹੈ, ਅਤੇ ਤੇਲ ਅਤੇ ਊਰਜਾ ਲਾਗਤਾਂ ਵਿੱਚ £11 ਬਿਲੀਅਨ ਦਾ ਵਾਧਾ ਕਰਦੇ ਹੋਏ 74♦ ਵਿਕਾਸ (0.2 ਪ੍ਰਤੀਸ਼ਤ) ਵਿੱਚ ਥੋੜ੍ਹੀ ਗਿਰਾਵਟ ਆ ਸਕਦੀ ਹੈ। ਪਰ ਭਾਰਤ ਦਾ ਨਵਾਂ ਉੱਦਮ (ਸਟਾਰਟਅੱਪ) ਅਤੇ ਅੰਡਰਲਾਈਂਗ ਕਾਰੋਬਾਰੀ ਵਿਸ਼ਵਾਸ ਮਜ਼ਬੂਤ ਬਣਿਆ ਹੋਇਆ ਹੈ - ਭਾਰਤ ਵਿੱਚ ਨਿਵੇਸ਼ ਨੂੰ ਭਵਿੱਖ ਲਈ ਇੱਕ ਗਾਰੰਟੀ ਬਣਾਉਂਦਾ ਹੈ। ਸੰਯੁਕਤ ਦ੍ਰਿਸ਼ਟੀਕੋਣ: ਅਮਰੀਕਾ ਅਤੇ ਯੂਰਪੀ ਸੰਘ - ਜਿੱਥੇ ਰੂਸੀ ਊਰਜਾ ਆਯਾਤ ਤੋਂ ਬਲਾਕ ਨੂੰ ਛੁਡਾਉਣ ਦੀਆਂ ਯੋਜਨਾਵਾਂ ਚੱਲ ਰਹੀਆਂ ਹਨ - ਸੀਮਤ ਦਾਇਰਿਆਂ ਵਿੱਚ ਭਾਰਤ 'ਤੇ ਸਖ਼ਤ ਰਹੇ ਹਨ। ਇਹ ਵਿਸ਼ਵ ਰਾਜਨੀਤੀ ਵਿੱਚ ਭਾਰਤ ਦੀ ਰਣਨੀਤਕ ਖੁਦਮੁਖਤਿਆਰੀ ਬਾਰੇ ਸਵਾਲ ਖੜ੍ਹੇ ਕਰਦਾ ਹੈ। ਊਰਜਾ ਨੀਤੀ: - ਭਾਰਤ ਲਈ ਊਰਜਾ ਸੁਰੱਖਿਆ ਲਈ ਵਿਭਿੰਨ ਸਰੋਤਾਂ ਤੋਂ ਤੇਲ ਪ੍ਰਾਪਤ ਕਰਨਾ ਮਹੱਤਵਪੂਰਨ ਹੈ, ਹਾਲਾਂਕਿ ਅਮਰੀਕਾ। ਭਾਰਤ ਤੋਂ ਨਿਰਯਾਤ ਵਧਾਉਣਾ ਇੱਕ ਮੌਕਾ ਹੈ ਪਰ ਉਹ ਰੂਸ ਤੋਂ ਸਸਤੇ ਸਰੋਤ ਨੂੰ ਤੁਰੰਤ ਨਹੀਂ ਬਦਲ ਸਕਦੇ। ਰਾਜਨੀਤਿਕ ਸੰਤੁਲਨ: - ਟਰੰਪ ਪ੍ਰਸ਼ਾਸਨ ਦਾ ਰੁਖ਼, ਹਾਲਾਂਕਿ ਚੀਨ, ਪਾਕਿਸਤਾਨ ਨੂੰ ਵੀ ਥੋੜ੍ਹਾ ਵੱਖਰੇ ਢੰਗ ਨਾਲ ਦੇਖਿਆ ਗਿਆ ਸੀ - ਦਿੱਲੀ ਨੂੰ ਇੱਕ ਮੁਸ਼ਕਲ ਚੋਣ ਕਰਨੀ ਪਵੇਗੀ: - ਜਾਂ ਤਾਂ ਟਰੰਪ ਦੀਆਂ ਮੰਗਾਂ ਨੂੰ ਸਵੀਕਾਰ ਕਰੋ ਅਤੇ ਸਬੰਧ ਬਣਾਈ ਰੱਖੋ, ਜਾਂ ਰਣਨੀਤਕ ਖੁਦਮੁਖਤਿਆਰੀ ਬਣਾਈ ਰੱਖਦੇ ਹੋਏ ਆਰਥਿਕ-ਰਾਜਨੀਤਿਕ ਰੁਖ਼ ਅਪਣਾਓ।

ਇਸ ਲਈ ਜੇਕਰ ਅਸੀਂ ਸਾਰੇ ਉਪਲਬਧ ਵੇਰਵਿਆਂ ਦਾ ਅਧਿਐਨ ਕਰੀਏ ਅਤੇ ਇਸਦਾ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਟਰੰਪ ਦੀ ਧਮਕੀ ਬਨਾਮ ਰਾਸ਼ਟਰੀ ਹਿੱਤ ਸਭ ਤੋਂ ਉੱਪਰ ਹੈ, ਇੰਡੀਆ ਫਸਟ ਨੀਤੀ, ਭਾਰਤ ਲਈ ਚੁਣੌਤੀ: - ਅਮਰੀਕਾ ਅੱਗੇ ਨਾ ਝੁਕੋ, ਸਬੰਧ ਨਾ ਤੋੜੋ, ਸਤਿਕਾਰ ਨਾ ਛੱਡੋ, ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੁਆਰਾ ਰੂਸ 'ਤੇ ਲਗਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ, ਜੇਕਰ ਉਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਊਰਜਾ ਖਰੀਦ ਰਹੇ ਹਨ, ਤਾਂ ਭਾਰਤ ਨਾਲ ਅਜਿਹਾ ਵਿਵਹਾਰ ਕਿਉਂ ਕੀਤਾ ਜਾ ਰਿਹਾ ਹੈ?

**-ਕੰਪਾਈਲਰ ਲੇਖਕ - ਕਿਆਰ ਮਾਹਰ ਕਾਲਮਨਵੀਸ ਸਾਹਿਤਕ ਸ਼ਖਸੀਅਤ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ ਗੋਂਡੀਆ ਮਹਾਰਾਸ਼ਟਰ**

# ਭਾਰਤ ਦੇ ਚੋਟੀ ਦੇ ਸਕੂਲ ਬੋਰਡਾਂ ਵਿੱਚ ਅੰਗਰੇਜ਼ੀ ਕਿਵੇਂ ਵੱਖਰੇ ਢੰਗ ਨਾਲ ਪੜ੍ਹਾਈ ਜਾਂਦੀ ਹੈ

**ਵਿਜੈ ਗਰਗ**

ਅੰਗਰੇਜ਼ੀ, ਭਾਰਤੀ ਸਿੱਖਿਆ ਬੋਰਡਾਂ ਵਿੱਚ ਮੁੱਖ ਵਿਸ਼ਿਆਂ ਵਿੱਚੋਂ ਇੱਕ ਹੈ, ਨੂੰ ਸੀਬੀਐਸਈ (ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ) ਅਤੇ ਆਈਸੀਐਸਈ (ਇੰਡੀਅਨ ਸਰਟੀਫਿਕੇਟ ਆਫ਼ ਸੈਕੰਡਰੀ ਐਜੂਕੇਸ਼ਨ) ਦੁਆਰਾ ਵੱਖਰੇ ਢੰਗ ਨਾਲ ਸਿਖਾਇਆ ਅਤੇ ਟੈਸਟ ਕੀਤਾ ਜਾਂਦਾ ਹੈ। ਅਤੇ ਜਦੋਂ ਕਿ ਦੋਵੇਂ ਬੋਰਡ ਭਾਸ਼ਾ ਦੇ ਹੁਨਰ ਨੂੰ ਵਿਕਸਤ ਕਰਨ ਦਾ ਉਦੇਸ਼ ਰੱਖਦੇ ਹਨ, ਪਹੁੰਚ, ਡੂੰਘਾਈ ਅਤੇ ਉਮੀਦਾਂ ਕਾਫ਼ੀ ਵੱਖਰੀਆਂ ਹੁੰਦੀਆਂ ਹਨ। ਸੀਬੀਐਸਈ ਬਨਾਮ ਆਈਸੀਐਸਈ: ਅੰਗਰੇਜ਼ੀ ਕਿਤਾਬ (ਐਸ) ਦੁਆਰਾ ਜਦੋਂ ਕਿ ਸੀਬੀਐਸਈ ਭਾਰਤ ਦਾ ਸਭ ਤੋਂ ਵੱਧ ਫੈਲਿਆ ਹੋਇਆ ਸਕੂਲ ਬੋਰਡ ਹੈ, ਸੀਆਈਐਸਸੀਈ ਦੁਆਰਾ ਨਿਯੰਤਰਿਤ ਆਈਸੀਐਸਈ ਅਕਸਰ ਮਾਪਿਆਂ ਦੁਆਰਾ ਚੁਣਿਆ ਜਾਂਦਾ ਹੈ ਜੋ ਅਮੀਰ ਭਾਸ਼ਾ ਪਾਠਕ੍ਰਮ ਦੀ ਮੰਗ ਕਰਦੇ ਹਨ। ਪਰ ਇਹ ਮੁੱਲ ਨਿਰਣੇ ਨਹੀਂ ਹਨ; ਇਹ ਬੁਨਿਆਦੀ ਤੌਰ 'ਤੇ ਵੱਖਰੇ ਅਕਾਦਮਿਕ ਦਰਸ਼ਨਾਂ ਦੇ ਪ੍ਰਤੀਬਿੰਬ ਹਨ। ਸੀਬੀਐਸਈ ਅੰਗਰੇਜ਼ੀ ਆਮ ਤੌਰ 'ਤੇ ਐਨਸੀਈਆਰਟੀ ਪਾਠਕ੍ਰਮ ਦੀ ਪਾਲਣਾ ਕਰਦੀ ਹੈ, ਜੋ ਕਿ ਸੁਚਾਰੂ, ਵਿਹਾਰਕ ਅਤੇ ਰਾਸ਼ਟਰੀ ਪੱਧਰ ਦੀਆਂ ਦਾਖਲਾ ਪ੍ਰੀਖਿਆਵਾਂ ਨਾਲ ਨੇੜਿਓਂ ਜੁੜੀ ਹੋਈ ਹੈ। ਆਈਸੀਐਸਈ ਅੰਗਰੇਜ਼ੀ ਦੋ ਪੇਪਰਾਂ ਵਿੱਚ ਵੰਡੀ ਹੋਈ ਹੈ: ਭਾਸ਼ਾ ਅਤੇ ਸਾਹਿਤ, ਅਤੇ ਇਹ ਆਪਣੀ ਸਾਹਿਤਕ ਡੂੰਘਾਈ ਅਤੇ ਰਸਮੀ ਵਿਆਕਰਣ 'ਤੇ ਧਿਆਨ ਕੇਂਦਰਿਤ ਕਰਨ ਲਈ ਜਾਣੀ ਜਾਂਦੀ ਹੈ। ਆਈਸੀਐਸਈ ਵਿਦਿਆਰਥੀਆਂ ਤੋਂ ਉਮੀਦ ਕਰਦਾ ਹੈ ਕਿ ਉਹ ਲਾਈਨਾਂ ਦੇ ਵਿਚਕਾਰ ਪੜ੍ਹਨ। ਸੀਬੀਐਸਈ ਵਿੱਚ, ਇਹ ਲਾਈਨਾਂ ਨੂੰ ਸਪਸ਼ਟ ਤੌਰ 'ਤੇ ਸਮਝਣ ਬਾਰੇ ਹੈ, ਰਿਤੂ ਭਟਨਾਗਰ ਕਹਿੰਦੀ ਹੈ, ਇੱਕ ਅੰਗਰੇਜ਼ੀ ਅਧਿਆਪਕਾ ਜਿਸਨੇ 18 ਸਾਲਾਂ ਤੋਂ ਵੱਧ ਸਮੇਂ ਤੋਂ ਦੋਵਾਂ ਬੋਰਡਾਂ ਨੂੰ ਪੜ੍ਹਾਇਆ ਹੈ।

ਸਿੱਖਿਆ ਸ਼ੈਲੀ: ਪ੍ਰਗਟਾਵਾ ਬਨਾਮ ਕੁਸ਼ਲਤਾ

ਆਈਸੀਐਸਈ ਕਲਾਸਰੂਮਾਂ ਵਿੱਚ, ਵਿਦਿਆਰਥੀਆਂ ਨੂੰ ਅਕਸਰ ਲੰਬੇ, ਵਧੇਰੇ ਵਰਣਨਾਤਮਕ ਉੱਤਰ ਲਿਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜੋ ਨਾ ਸਿਰਫ਼ ਉਹ ਜਾਣਦੇ ਹਨ, ਸਗੋਂ ਉਹ ਇਸਨੂੰ ਕਿੰਨੀ ਚੰਗੀ ਤਰ੍ਹਾਂ ਬਿਆਨ ਕਰ




ਸਕਦੇ ਹਨ, ਇਹ ਦਰਸਾਉਂਦੇ ਹਨ। ਆਈਸੀਐਸਈ ਲਿਖਣ ਵਿੱਚ ਵਿਸ਼ਵਾਸ ਪੈਦਾ ਕਰਦਾ ਹੈ।

ਦੂਜੇ ਪਾਸੇ, ਸੀਬੀਐਸਈ ਢਾਂਚਾਗਤ, ਪ੍ਰੀਖਿਆ-ਅਧਾਰਿਤ ਫਾਰਮੈਟਾਂ ਨੂੰ ਉਤਸ਼ਾਹਿਤ ਕਰਦਾ ਹੈ। ਉੱਤਰ ਸੰਖੇਪ ਅਤੇ ਢੁਕਵੇਂ ਹੋਣ ਦੀ ਉਮੀਦ ਕੀਤੀ ਜਾਂਦੀ ਹੈ, ਅਕਸਰ ਬੁਲੇਟ ਪੁਆਇੰਟ ਜਾਂ ਛੋਟੇ ਪੈਰਿਆਂ ਵਿੱਚ।

ਸੀਬੀਐਸਈ ਅੰਗਰੇਜ਼ੀ ਨੇ ਮੈਨੂੰ ਸੀਯੂਈਟੀ ਨੂੰ ਆਸਾਨੀ ਨਾਲ ਪਾਸ ਕਰਨ ਵਿੱਚ ਮਦਦ ਕੀਤੀ ਕਿਉਂਕਿ ਮੈਂ ਉਦੇਸ਼ਪੂਰਨ ਸਮਝ ਵਾਲੇ ਸਵਾਲਾਂ ਅਤੇ ਤੇਜ਼ ਲਿਖਣ ਦੇ ਫਾਰਮੈਟਾਂ ਦਾ ਆਦੀ ਸੀ, ਵਿਜੇ ਗਰਗ

ਮੁਲਾਂਕਣ: ਬੋਰਡ ਭਾਸ਼ਾ ਦੇ ਹੁਨਰਾਂ ਨੂੰ ਕਿਵੇਂ ਨਿਰਣਾ ਕਰਦੇ ਹਨ ਆਈਸੀਐਸਈ ਮੁਲਾਂਕਣ ਵਿਆਖਿਆ ਅਤੇ ਰਚਨਾਤਮਕਤਾ ਦੇ ਪੱਖ ਵਿੱਚ ਹੁੰਦੇ ਹਨ। ਭਾਸ਼ਾ ਦੇ ਪੇਪਰ ਵਿੱਚ, 20 ਅੰਕ ਸਿਰਫ਼ ਰਚਨਾ ਲਿਖਣ ਲਈ ਰਾਖਵੇਂ ਹਨ, ਜਿੱਥੇ ਰਚਨਾਤਮਕਤਾ ਅਤੇ ਇਕਸੁਰਤਾ ਸਹੀ ਉੱਤਰਾਂ ਨਾਲੋਂ ਵੱਧ ਮਾਇਨੇ ਰੱਖਦੀ ਹੈ। ਸਾਹਿਤ ਵਿੱਚ, ਆਈਸੀਐਸਈ ਅਕਸਰ ਕਲਪਨਾ, ਵਿਅੰਗ, ਜਾਂ ਪ੍ਰਤੀਕਵਾਦ ਵਰਗੇ ਸਾਹਿਤਕ ਸ਼ਬਦਾਂ ਨਾਲ ਟੈਕਸਟ ਵਿਸ਼ਲੇਸ਼ਣ ਦੀ ਉਮੀਦ ਕਰਦਾ ਹੈ।

ਾਲਾਂਕਿ, ਸੀਬੀਐਸਈ ਸਪੱਸ਼ਟਤਾ 'ਤੇ ਨਿਰਭਰ ਕਰਦਾ ਹੈ। 2024 ਦੀ 10ਵੀਂ ਜਮਾਤ ਦੀ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਪ੍ਰੀਖਿਆ ਵਿੱਚ, ਪੜ੍ਹਨ ਦੀ ਸਮਝ 20 ਅੰਕਾਂ ਦੀ ਸੀ, ਅਤੇ ਸੀਬੀਐਸਈ ਮਾਰਕਿੰਗ ਸਕੀਮ ਦੇ ਅਨੁਸਾਰ, ਸਾਹਿਤ ਭਾਗ ਜ਼ਿਆਦਾਤਰ ਛੋਟੇ-ਉੱਤਰ-ਅਧਾਰਤ ਸਨ।



ਉੱਚ ਸਿੱਖਿਆ ਅਤੇ ਕਰੀਅਰ 'ਤੇ ਪ੍ਰਭਾਵ ਇੱਕ ਆਮ ਮਿੱਥ ਹੈ ਕਿ ਆਈਸੀਐਸਈ ਅੰਗਰੇਜ਼ੀ ਤੁਹਾਨੂੰ ਬਿਹਤਰ ਬੋਲਣ ਵਿੱਚ ਮਦਦ ਕਰਦੀ ਹੈ ਜਾਂ ਸੀਬੀਐਸਈ ਤੁਹਾਨੂੰ ਪ੍ਰੀਖਿਆਵਾਂ ਲਈ ਤਿਆਰ ਕਰਦਾ ਹੈ ਦੋਵੇਂ ਅੰਸ਼ਕ ਤੌਰ 'ਤੇ ਸੱਚ ਹਨ, ਪਰ ਦੋਵੇਂ ਹੀ ਪੂਰੀ ਤਰ੍ਹਾਂ ਸਹੀ ਨਹੀਂ ਹਨ।

ਜੇਈਈ, ਨੀਟ, ਜਾਂ ਸੀਯੂਈਟੀ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ, ਸੀਬੀਐਸਈ ਦਾ ਫਾਰਮੈਟ ਬਹੁ-ਚੋਣ ਅਤੇ ਸਮਾਂ-ਬੱਧ ਮੁਲਾਂਕਣਾਂ ਨਾਲ ਵਧੇਰੇ ਨੇੜਿਓਂ ਮੇਲ ਖਾਂਦਾ ਹੈ। ਮਨੁੱਖਤਾ ਦੇ ਚਾਹਵਾਨਾਂ ਜਾਂ ਕਾਨੂੰਨ, ਉਦਾਰਵਾਦੀ ਕਲਾ, ਪੱਤਰਕਾਰੀ, ਜਾਂ ਅੰਤਰਰਾਸ਼ਟਰੀ ਅਧਿਐਨ ਵਿੱਚ ਕਰੀਅਰ ਬਣਾਉਣ ਵਾਲਿਆਂ ਲਈ, ਆਈਸੀਐਸਈ ਦੀ ਸ਼ੁਰੂਆਤੀ ਸਾਹਿਤਕ ਸਿਖਲਾਈ ਇੱਕ ਸੰਪਤੀ ਹੋ ਸਕਦੀ ਹੈ।

ਕੌਂਸਲ ਫਾਰ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨਜ਼ ਦੀ 2023 ਦੀ ਰਿਪੋਰਟ ਤੋਂ ਪਤਾ ਚੱਲਿਆ ਕਿ ਆਈਸੀਆਈਸੀਆਈ ਦੇ ਵਿਦਿਆਰਥੀਆਂ ਨੇ ਅੰਗਰੇਜ਼ੀ ਵਿੱਚ ਔਸਤਨ 84% ਅੰਕ ਪ੍ਰਾਪਤ ਕੀਤੇ, ਜਦੋਂ ਕਿ ਸੀਬੀਐਸਈ ਦਾ ਔਸਤਨ ਅੰਗਰੇਜ਼ੀ ਸਕੋਰ 77% ਸੀ। ਹਾਲਾਂਕਿ, ਸੀਬੀਐਸਈ ਦੇ ਵਿਦਿਆਰਥੀਆਂ ਦਾ ਵਿਗਿਆਨ ਅਤੇ ਗਣਿਤ ਵਿੱਚ ਪ੍ਰਦਰਸ਼ਨ ਉੱਚਾ ਸੀ। ਬੋਰਡ ਸਿੱਧੇ ਤੁਲਨਾਤਮਕ ਡੇਟਾ ਜਾਰੀ ਨਹੀਂ ਕਰਦੇ, ਪਰ ਇਹ ਰੁਝਾਨ ਵੱਖ-ਵੱਖ ਸ਼ਕਤੀਆਂ ਨੂੰ ਦਰਸਾਉਂਦੇ ਹਨ।

ਮਾਪਿਆਂ ਅਤੇ ਵਿਦਿਆਰਥੀਆਂ ਦੇ ਫੈਸਲੇ: ਕਿਹੜੇ ਫੈਸਲੇ ਲੈਣੇ ਜ਼ਰੂਰੀ ਹਨ? ਮੈਟਰੋ ਸ਼ਹਿਰਾਂ ਵਿੱਚ, ਆਸਾਨ ਟ ?ਰਾਂਸਫਰ, ਰਾਸ਼ਟਰੀ ਮਾਨਕੀਕਰਨ, ਅਤੇ ਕੋਚਿੰਗ ਸੰਸਥਾਵਾਂ ਦੀ ਉਪਲਬਧਤਾ ਦੇ ਕਾਰਨ ਮਾਪੇ ਸੀਬੀਐਸਈ ਸਕੂਲਾਂ ਦੀ ਚੋਣ ਕਰ ਰਹੇ ਹਨ। ਪਰ ਕੁਝ ਲੋਕ ਭਾਰੀ ਕੰਮ ਦੇ ਬੋਝ ਦੇ ਬਾਵਜੂਦ ਆਈਸੀਆਈਸੀਆਈ ਰਸਤਾ ਅਪਣਾਉਣ ਲਈ ਤਿਆਰ ਹਨ। ਅਸੀਂ ਆਈਸੀਐਸਈ ਨੂੰ ਇਸ ਲਈ ਚੁਣਿਆ ਕਿਉਂਕਿ ਅਸੀਂ ਚਾਹੁੰਦੇ ਸੀ ਕਿ ਸਾਡਾ ਪੁੱਤਰ ਸਿਰਫ਼ ਪ੍ਰੀਖਿਆਵਾਂ ਵਿੱਚ ਸਪੱਸ਼ਟ ਨਹੀਂ, ਸਗੋਂ ਭਾਸ਼ਾ 'ਤੇ ਵੀ ਕਾਬੂ ਰੱਖੇ,

ਦੂਸਰੇ ਸੀਬੀਐਸਈ ਨੂੰ ਚੁਣਨ ਦੇ ਵਿਹਾਰਕ ਕਾਰਨ ਦੱਸਦੇ ਹਨ। ਮੇਰੀ ਧੀ ਡਾਕਟਰੀ ਕਰਨਾ ਚਾਹੁੰਦੀ ਹੈ। ਸੀਬੀਐਸਈ ਅੰਗਰੇਜ਼ੀ 'ਤੇ ਘੱਟ ਤਣਾਅਪੂਰਨ ਹੈ, ਜਿਸ ਨਾਲ ਉਸਨੂੰ ਵਿਗਿਆਨ 'ਤੇ ਧਿਆਨ ਕੇਂਦਰਿਤ ਕਰਨ ਲਈ ਸਮਾਂ ਮਿਲਦਾ ਹੈ,

ਕੋਈ 'ਬਿਹਤਰ' ਨਹੀਂ, ਬਸ ਵੱਖਰਾ ਹੈ ਸਿੱਖਿਆ ਸ਼ਾਸਤਰੀ ਇੱਕ ਗੱਲ 'ਤੇ ਸਰਬਸੰਮਤੀ ਨਾਲ ਸਹਿਮਤ ਹਨ: ਅੰਗਰੇਜ਼ੀ, ਭਾਵੇਂ ਬੋਰਡ ਕੋਈ ਵੀ ਹੋਵੇ, ਸੰਚਾਰ, ਸਮਝ ਅਤੇ ਆਲੋਚਨਾਤਮਕ ਸੋਚ ਦਾ ਇੱਕ ਸਾਧਨ ਹੋਣੀ ਚਾਹੀਦੀ ਹੈ।

ਦੋਵੇਂ ਬੋਰਡਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਤਰੀਕੇ ਨਾਲ ਭਾਸ਼ਾ-ਨਿਪੁੰਨ ਬਣਾਉਣਾ ਹੈ। ਚੋਣ ਬੱਚੇ ਦੀਆਂ ਰੁਚੀਆਂ, ਯੋਗਤਾਵਾਂ ਅਤੇ ਭਵਿੱਖ ਦੀਆਂ ਯੋਜਨਾਵਾਂ 'ਤੇ ਨਿਰਭਰ ਹੋਣੀ ਚਾਹੀਦੀ ਹੈ, ਅਨੁਰਾਧਾ ਮੈਨਨ, ਅਕਾਦਮਿਕ ਸਲਾਹਕਾਰ ਅਤੇ ਸਾਬਕਾ ਸਕੂਲ ਪ੍ਰਿੰਸੀਪਲ ਕਹਿੰਦੀ ਹੈ।

ਭਾਵੇਂ ਤੁਹਾਡਾ ਬੱਚਾ ਸੌਨੇਟ ਤਿਆਰ ਕਰ ਰਿਹਾ ਹੈ ਜਾਂ ਇੱਕ ਸਪੱਸ਼ਟ ਅਖਬਾਰ ਰਿਪੋਰਟ ਤਿਆਰ ਕਰ ਰਿਹਾ ਹੈ, ਜੋ ਮਾਇਨੇ ਰੱਖਦਾ ਹੈ ਉਹ ਸਿਰਫ਼ ਬੋਰਡ ਨਹੀਂ ਹੈ, ਸਗੋਂ ਸਕੂਲ ਅਤੇ ਘਰ ਵਿੱਚ ਉਸਨੂੰ ਮਿਲਣ ਵਾਲਾ ਸਮਰਥਨ ਵੀ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਉੱਘੇ**
**ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ**
**ਐਮ.ਐਚ.ਆਰ. ਮਲੋਟ ਪੰਜਾਬ**

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements In 2022 - 2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

INNOCENT HEARTS GROUP OF INSTITUTIONS
Learning Today... Leading Tomorrow!
150+ Placements in Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

DIPS IMT
DIPS INSTITUTE OF MANAGEMENT & TECHNOLOGY
DIPS INSTITUTIONS CHAIN OF DIPS INSTITUTIONS KNOWLEDGE IS POWER
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998